ਕੈਨੇਡੀਅਨ
# ਪੰਜਾਬੀ ਪੋਸਟ

Award winning news paper | Canadian Punjabi Post

Vol 17 * Issue 190

Daily Newspaper Wednesday, October 03, 2018

Tel: 905-793-2202 Fax: 905-793-2282 news@punjabipost.ca



Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2


## ਅੰਦਰ ਪੜ੍ਹੋ



ਆਂਗ ਸਾਨ ਸੂ ਕੀ ਹੁਣ ਨਹੀਂ ਰਹੀ ਕੈਨੇਡਾ ਦੀ ਆਨਰੇਰੀ ਸਿਟੀਜ਼ਨ

ਪੰਨਾ 3



ਮੰਗਾਂ ਮੰਨਵਾਉਣ ਲਈ ਦਿੱਲੀ ਜਾਂਦੇ ਕਿਸਾਨਾਂ ਉੱਤੇ ਡਾਂਗਾਂ ਦਾ ਮੀਂਹ ਵਰ੍ਹਾਇਆ

ਪੰਨਾ 4

# ਫੋਰਡ ਨੇ ਲੇਬਰ ਸੁਧਾਰ ਕਾਨੂੰਨ ਨੂੰ ਖਤਮ ਕਰਨ ਦਾ ਪ੍ਰਗਟਾਇਆ ਤਹੱਈਆ



ਟੋਰਾਂਟੋ, 2 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਸਾਬਕਾ ਲਿਬਰਲ ਸਰਕਾਰ ਵੱਲੋਂ ਲਿਆਂਦੇ ਲੇਬਰ ਸੁਧਾਰ ਕਾਨੂੰਨ ਨੂੰ ਖਤਮ ਕਰਨ ਦਾ ਤਹੱਈਆ ਪ੍ਰਗਟਾਇਆ ਗਿਆ ਹੈ। ਉਸ ਕਾਨੂੰਨ ਤਹਿਤ ਲਿਬਰਲ ਸਰਕਾਰ ਨੇ ਪ੍ਰੋਵਿੰਸ ਵਿੱਚ ਘੱਟ ਤੋਂ ਘੱਟ ਉਜਰਤਾਂ ਵਧਾਉਣ, ਸਿੱਕ ਡੇਅਜ਼ ਬੈਨੇਫਿਟਜ਼ ਵਿੱਚ ਵਾਧਾ ਕਰਨ ਤੇ ਪੇਡ ਛੁੱਟੀਆਂ ਵਿੱਚ ਸੋਧ ਕਰਨ ਦਾ ਵਾਅਦਾ ਕੀਤਾ ਸੀ।

ਫੋਰਡਲ ਸਰਕਾਰ ਵੱਲੋਂ ਪਿੱਛੇ ਜਿਹੇ ਆਖਿਆ ਗਿਆ ਸੀ ਕਿ ਇਸ ਕਾਨੂੰਨ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ ਤੇ ਉਸ ਸਮੇਂ ਤੋਂ ਹੀ ਇਹ ਲੱਗ ਰਿਹਾ ਸੀ ਕਿ ਇਸ ਬਾਰੇ ਫੋਰਡ ਹੁਣ ਕੁੱਝ ਕਰਨਗੇ। ਮੰਗਲਵਾਰ ਨੂੰ ਫੋਰਡ ਨੇ ਵਿਧਾਨਸਭਾ ਵਿੱਚ ਜਦੋਂ ਇਹ ਬਿਆਨ ਦਿੱਤਾ ਤਾਂ ਵਿਰੋਧੀ ਧਿਰ ਹਰਕਤ ਵਿੱਚ ਆ ਗਈ ਤੇ ਇਸ ਕਾਨੂੰਨ ਬਿੱਲ 148 ਦੀ ਸਮਰਥਕ ਲੇਬਰ ਕਮਿਊਨਿਟੀ ਨੂੰ ਵੀ ਇਹ ਗੱਲ ਵਧੀਆ ਨਹੀਂ ਲੱਗੀ।

...ਬਾਕੀ ਪੰਨਾ 4 ’ਤੇ

## ਭੌਤਿਕ ਵਿਗਿਆਨ ’ਚ ਕੈਨੇਡੀਅਨ ਸਮੇਤ ਦੋ ਹੋਰਨਾਂ ਨੇ ਜਿੱਤਿਆ ਨੋਬਲ ਪ੍ਰਾਈਜ਼



ਸਟੌਕਹੋਮ, 2 ਅਕਤੂਬਰ (ਪੋਸਟ ਬਿਊਰੋ) : ਲੇਜ਼ਰਜ਼ ਪ੍ਰਤੀ ਆਪਣੇ ਕੰਮ ਨੂੰ ਲੈ ਕੇ ਮੰਗਲਵਾਰ ਨੂੰ ਤਿੰਨ ਵਿਗਿਆਨੀਆਂ ਨੂੰ ਫਿਜ਼ਿਕਸ (ਭੌਤਿਕ ਵਿਗਿਆਨ) ਦੇ ਖੇਤਰ ਵਿੱਚ ਨੋਬਲ ਪ੍ਰਾਈਜ਼ ਦਿੱਤਾ ਗਿਆ। ਇਨ੍ਹਾਂ ਤਿੰਨ ਵਿਗਿਆਨੀਆਂ ਵਿੱਚੋਂ ਇੱਕ ਕੈਨੇਡੀਅਨ ਵਿਗਿਆਨੀ ਵੀ ਹੈ।

ਅਮਰੀਕਾ ਦੇ ਆਰਥਰ ਐਸਕਿਨ ਨੂੰ 1.01 ਮਿਲੀਅਨ ਡਾਲਰ ਵਿੱਚੋਂ ਅੱਧੀ ਰਕਮ ਦਿੱਤੀ ਜਾਵੇਗੀ ਜਦਕਿ ਬਾਕੀ ਅੱਧੀ ਰਕਮ ਫਰਾਂਸ ਦੇ ਗੇਰਾਰਡ ਮੌਊਰੋਊ ਤੇ ਕੈਨੇਡੀਅਨ ਡੌਨਾ ਸਟ੍ਰਿਕਲੈਂਡ ਨੂੰ ਦਿੱਤੀ ਜਾਵੇਗੀ। ਸਵੀਡਨ ਦੀ ਰਾਇਲ ਅਕੈਡਮੀ ਆਫ ਸਾਇੰਸਿਜ਼, ਜਿਸ ਵੱਲੋਂ ਇਨ੍ਹਾਂ ਜੇਤੂਆਂ ਦੀ ਚੋਣ ਕੀਤੀ ਗਈ ਹੈ, ਨੇ ਆਖਿਆ ਕਿ 96 ਸਾਲਾ ਐਸਕਿਨ ਵੱਲੋਂ ਆਪਟੀਕਲ ਟਵੀਜ਼ਰਜ਼ ਦਾ ਵਿਕਾਸ ਕੀਤਾ ਗਿਆ,

...ਬਾਕੀ ਪੰਨਾ 6 ’ਤੇ

## ਕੌਮਾਂਤਰੀ ਉਡਾਨਾਂ ਉੱਤੇ ਕੈਨੇਡੀਅਨਾਂ ਨੂੰ ਆਪਣੇ ਨਾਲ ਮੈਰੀਜੁਆਨਾ ਨਾ ਲਿਜਾਣ ਦੀ ਟਰਾਂਸਪੋਰਟ ਮੰਤਰੀ ਨੇ ਦਿੱਤੀ ਚੇਤਾਵਨੀ



ਓਟਵਾ, 2 ਅਕਤੂਬਰ (ਪੋਸਟ ਬਿਊਰੋ) : ਕੈਨੇਡਾ ਦੇ ਟਰਾਂਸਪੋਰਟ ਮੰਤਰੀ ਦਾ ਕਹਿਣਾ ਹੈ ਕਿ 17 ਅਕਤੂਬਰ ਤੋਂ ਬਾਅਦ ਘਰੇਲੂ ਉਡਾਨਾਂ ਉੱਤੇ ਯਾਤਰੀਆਂ ਨੂੰ ਆਪਣੇ ਨਾਲ ਥੋੜ੍ਹੀ ਮਾਤਰਾ ਵਿੱਚ ਮੈਰੀਜੁਆਨਾ ਲਿਜਾਣ ਦੀ ਇਜਾਜ਼ਤ ਹੋਵੇਗੀ।

ਪਰ ਮਾਰਕ ਗਾਰਨਿਊ ਨੇ ਇਹ ਚੇਤਾਵਨੀ ਦਿੱਤੀ ਕਿ ਦੇਸ਼ ਤੋਂ ਬਾਹਰ ਜਾਂਦੇ ਸਮੇਂ ਕੈਨੇਡੀਅਨ ਯਾਤਰੀ ਮੈਰੀਜੁਆਨਾ ਨੂੰ ਕਿਸੇ ਵੀ ਰੂਪ ਵਿੱਚ ਨਾਲ ਨਾ ਲਿਜਾਣ। ਦੇਸ਼ ਦੀ ਏਅਰਪੋਰਟ ਸਕਰੀਨਿੰਗ ਅਥਾਰਟੀ ਦਾ ਕਹਿਣਾ ਹੈ ਕਿ ਸਕਿਊਰਿਟੀ ਵਿੱਚੋਂ ਮੈਰੀਜੁਆਨਾ ਲਿਜਾਣ ਵਾਲੇ ਯਾਤਰੀਆਂ ਨਾਲ ਕਿਸ ਤਰ੍ਹਾਂ ਨਜਿੱਠਿਆ ਜਾਵੇ ਇਸ ਬਾਰੇ ਅਜੇ ਪ੍ਰਕਿਰਿਆ ਫਾਈਨਲ ਕੀਤੀ ਜਾਣੀ ਬਾਕੀ ਹੈ।

...ਬਾਕੀ ਪੰਨਾ 6 ’ਤੇ

### ਪੰਜਾਬੀ ਪੋਸਟ ਵਿਸ਼ੇਸ਼ ਆਰਟੀਕਲ

## ਜੇ ਬਰੈਂਪਟਨ ਖਤਰੇ ਵਿੱਚ ਹੈ ਤਾਂ ਹੱਲ ਲਈ ਕੌਣ ਖੜ੍ਹਾ ਹੈ – ਭਾਗ 2

Bramalea Canal Street Artistic Image



ਕੱਲ ਦੇ ਆਰਟੀਕਲ ਵਿੱਚ ਅਸੀਂ ਬਰੈਂਪਟਨ 2040 ਵਿਜ਼ਨ ਦਸਤਾਵੇਜ਼ ਦੇ ਕੁੱਝ ਚੋਣਵੇਂ ਸ਼ਬਦਾਂ ਦਾ ਹੂਬਹੂ ਉਲੱਥਾ ਛਾਪ ਕੇ ਆਪਣੀ ਗੱਲ ਨੂੰ ਅੱਗੇ ਤੋਰਨ ਦੀ ਗੱਲ ਕੀਤੀ ਸੀ। ਜੇ ਅਸੀਂ ਬਰੈਂਪਟਨ 2040 ਵਿਜ਼ਨ ਦੇ ਪੰਨਾ 20 ਉੱਤੇ ਜਾਈਏ ਤਾਂ ਇੱਕ ਲਾਈਨ ਹੈ - **‘ਬਰੈਂਪਟਨ ਖਤਰੇ ਵਿੱਚ ਹੈ’।**

ਬਰੈਂਪਟਨ ਦੇ ਖਤਰੇ ਵਿੱਚ ਹੋਣ ਦੇ ਕਈ ਕਾਰਣ ਦੱਸੇ ਗਏ ਹਨ ਜਿਹਨਾਂ ਵਿੱਚ ਬਰੈਂਪਟਨ ਦੀ ਜਨਸੰਖਿਆ ਦਾ ਕੈਨੇਡੀਅਨ ਕੌਮੀ ਦਰ ਨਾਲੋਂ ਢਾਈ ਗੁਣਾ ਵੱਧ ਹੋਣਾ, ਕੁਦਰਤੀ ਲੈਂਡਸਕੇਪ ਦਾ ਮੁੱਕਦੇ ਜਾਣਾ, ਸਮਾਜਕ ਅਤੇ ਸਿਹਤ ਸਮੱਸਿਆਵਾਂ, ਹੋ ਰਹੇ ਬਦਲਾਵਾਂ ਉੱਤੇ ਕਾਬੂ ਨਾ ਹੋਣਾ, ਰੁਜ਼ਗਾਰ ਦੇ ਆਧਾਰ ਨੂੰ ਵਿਕਸਤ ਨਾ ਕਰ ਪਾਉਣਾ ਜਾਂ ਲਚਕਦਾਰ ਅਰਥਚਾਰੇ ਦਾ ਨਾ ਹੋਣਾ ਆਦਿ ਸ਼ਾਮਲ ਹਨ। ਬਰੈਂਪਟਨ ਵਿੱਚ ਨਵੇਂ ਵਿਉਪਾਰਾਂ ਨੂੰ ਆਕਰਸ਼ਿਤ ਕਰਨ ਲਈ ਕੋਈ ਖਿੱਚ ਨਹੀਂ ਹੈ, ਨਵੇਂ ਜਾਂ ਪੁਰਾਣੇ ਨੇਬਰਹੁੱਡ ਅਰਧ-ਮੁਕੰਮਲ ਹਨ ਅਤੇ ਰੋਜ਼ਾਨਾ ਜੀਵਨ ਵਿੱਚ ਰੌਣਕ ਪੈਦਾ ਕਰਨ ਵਾਲੇ ਫੈਕਟਰਾਂ ਦੀ ਬੇਹੱਦ ਘਾਟ ਹੈ। ਇਹ ਉਹ ਸ਼ਹਿਰ ਹੈ ਜਿਸ ਵਿੱਚੋਂ ਲੋਕੀ ਗੁਜ਼ਰ ਕੇ ਅੱਗੇ ਨਿਕਲ ਜਾਣ ਲਈ ਆਉਂਦੇ ਹਨ ਨਾ ਕਿ ਇਸਨੂੰ ਵਿਜ਼ਟ ਕਰਨ ਦਾ ਟੀਚਾ ਧਾਰ ਕੇ ਆਉਂਦੇ ਹਨ। ਭਾਵ ਇਰਦ ਗਿਰਦ ਦੇ ਇਲਾਕਿਆਂ ਵਿੱਚ ਵੱਸਦੇ ਲੋਕਾਂ ਲਈ ਬਰੈਂਪਟਨ ਵਿਉਪਾਰ, ਮਨੋਰੰਜਨ, ਰਿਹਾਇਸ਼, ਸਿਹਤ ਜਾਂ ਹੋਰ ਤੱਥਾਂ ਕਾਰਣ ਖਿੱਚ ਦਾ ਕਾਰਣ ਨਹੀਂ ਹੈ।

...ਬਾਕੀ ਪੰਨਾ 6 ’ਤੇ


PROTECT YOUR HOME FROM PESTS
Low Rates/Excellent Pest Control Services
100% Success rate for bed bug Treatment
Free Home Inspection; Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME · AUTO · BUSINESS · TRUCKING · R.E.S.P · COMMERCIAL
CONNEX Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Axxel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾਂ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration · Real Estate
Family Law · Business Closing
Corporate · Wills & Estate
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3

Best Insurance Rates
Auto · Home · Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator 647.990.3205

MANN LAW FIRM
Real Estate Law · Business Law
Wills & Estates · Family Law
Power of Attorney · Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Toronto Pest Arrest
Pest Control Residential /Commercial/Industrial
Specialist in Bed Bed Bugs & Cockroaches Services
Ants, Rats, Mice, Centipedes Bed Bugs, Spider, Beetle & Cockroaches Control
(Insured & Licensed)
Discount For Seniors Single Mothers & Students
SAME DAY SERVICE & 100% SATISFACTION GUARANTEED
CALL FOR FREE ESTIMATES : 647-515-8000
ਅਸੀਂ ਪੰਜਾਬੀ ਬੋਲਦੇ ਹਾਂ

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
Sanket (Govt Licensed Exterminator) 647-339-3926
UNMARKED VEHICLE AVAILABLE
Email: aristopest@gmail.com www.aristopestcontrol.com


RE-ELECT LINDA JEFFREY
TOGETHER WE CAN DO MORE
Election Day:
Monday, October 22, 10:00am - 8:00pm
Advance Voting:
October 2 - 13
✓ Safer community
✓ Attract and create jobs
✓ Improve Transit and fight gridlock
For more information:
info@lindajeffrey.ca
Facebook.com/BramptonLinda
Volunteering: LindaJeffrey.ca
www.lindajeffrey.ca
@LindaJeffrey
289-201-0609


chatr MOBILE
NOW GET
4GB 4.5GB DATA
ON OUR $40/MO. PLAN
AUTO-PAY BONUS
LET'S GET GOING
CHATRMOBILE.COM
VISIT OUR LOCATION TODAY!
379 MAIN ST. N., BRAMPTON,
(905) 451-0379
2456 LAKE SHORE BLVD W.,
(416) 259-3654
chatr AUTHORIZED DEALER
Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ

ਪਹਿਲਾਂ ਹੋਵੇ ਜਾਂ ਪਤਾ ਔਹ ਕੰਮ ਕਰਨਾ,
ਚਾਹੀਦੀ ਪਹਿਲਾਂ ਮੁਕਾਵਣੀ ਗੱਲ ਬੇਲੀ।
ਉੱਨੀ-ਇੱਕੀ ਦਾ ਪੈਂਦਾ ਜਾਂ ਫਰਕ ਹੋਵੇ,
ਲਈਦਾ ਕੱਢ ਹੈ ਉਹਦਾ ਵੀ ਹੱਲ ਬੇਲੀ।
ਸਾਰਾ ਕਾਜ਼ ਸੁਖਾਲਾ ਜਿਹਾ ਨਿਪਟ ਜਾਵੇ,
ਉਸ ਦੇ ਜਿਹੀ ਨਹੀਂ ਲੱਭਦੀ ਭੱਲ ਬੇਲੀ।
ਵਰਨਾ ਦਿੱਸਦੇ ਮੂੰਹ ਕਈ ਫਿਰਨ ਫੁੱਲੇ,
ਗੁੱਸਾ-ਗਿਲ੍ਹਾ ਨਾ ਹੁੰਦਾ ਉਹ ਝੱਲ ਬੇਲੀ।
ਬਾਬੇ ਕਹਿੰਦੇ ਸੀ ਅਸਲ ਜੀ ਬਾਤ ਪੱਕੀ,
ਜਿਸ ਦਾ ਲੱਭਦਾ ਕੋਈ ਨਹੀਂ ਤੋੜ ਬੇਲੀ।
ਗੁੰਝਲ ਰੱਖੀ ਤਾਂ ਹੋਊ ਫਿਰ ਮੁੜਨ ਔਖਾ,
ਕੀਤੀ ਗੱਲ ਹੀ ਲਾਉਂਦੀ ਆ ਜੋੜ ਬੇਲੀ।

ਤੀਸ ਮਾਰ ਖਾਂ

# ਆਂਗ ਸਾਨ ਸੂ ਕੀ ਹੁਣ ਨਹੀਂ ਰਹੀ ਕੈਨੇਡਾ ਦੀ ਆਨਰੇਰੀ ਸਿਟੀਜ਼ਨ

ਓਟਵਾ, 2 ਅਕਤੂਬਰ (ਪੋਸਟ ਬਿਊਰੋ) : ਕੈਨੇਡਾ ਦੀ ਪਾਰਲੀਆਮੈਂਟ ਦੀਆਂ ਨਜ਼ਰਾਂ ਵਿੱਚ ਮਿਆਂਮਾਰ ਦੀ ਆਗੂ ਆਂਗ ਸਾਨ ਸੂ ਕੀ ਹੁਣ ਕੈਨੇਡਾ ਦੀ ਆਨਰੇਰੀ ਸਿਟੀਜ਼ਨ ਨਹੀਂ ਰਹੀ।



ਮੰਗਲਵਾਰ ਨੂੰ ਸੈਨੇਟ ਨੇ ਵੀ ਉਸ ਮਤੇ ਉੱਤੇ ਮੋਹਰ ਲਾ ਦਿੱਤੀ ਜਿਸ ਨੂੰ ਪਿਛਲੇ ਹਫਤੇ ਐਮਪੀਜ਼ ਵੱਲੋਂ ਵੋਟ ਕਰਕੇ ਭੇਜਿਆ ਗਿਆ ਸੀ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਐਮਪੀਜ਼ ਨੇ ਰੋਹਿੰਗਿਆ ਸੰਕਟ ਦੇ ਮੁੱਦੇ ਉੱਤੇ ਸੂ ਕੀ ਦੀ ਆਨਰੇਰੀ ਕੈਨੇਡੀਅਨ ਸਿਟੀਜ਼ਨਸ਼ਿਪ ਰੱਦ ਕਰਨ ਦਾ ਮਤਾ ਪੁਗਾਇਆ ਸੀ। ਅਜ਼ਾਦ ਸੈਨੇਟਰ ਰਤਨਾ ਓਮੀਦਵਾਰ ਨੇ ਮਤਾ ਲਿਆ ਕੇ ਸੈਨੇਟ ਤੋਂ ਵੀ ਹਾਊਸ ਆਫ ਕਾਮਨਜ਼ ਦਾ ਇਸ ਮਾਮਲੇ ਵਿੱਚ ਸਾਥ ਦੇਣ ਦੀ ਅਪੀਲ ਕੀਤੀ। ਇਸ ਮਤੇ ਵਿੱਚ ਮਿਆਂਮਾਰ ਵਿੱਚ ਰੋਹਿੰਗਿਆ ਮੁਸਲਮਾਨਾਂ ਨਾਲ ਸਥਾਨਕ ਫੌਜ ਵੱਲੋਂ ਕੀਤੇ ਜਾ ਰਹੇ ਵਿਵਹਾਰ ਨੂੰ ਨਸਲਕੁਸ਼ੀ ਦੱਸਿਆ ਗਿਆ।

ਕੌਮਾਂਤਰੀ ਦਬਾਅ ਦੇ ਬਾਵਜੂਦ ਸੂ ਕੀ ਰੋਹਿੰਗਿਆ ਮੁਸਲਮਾਨਾਂ ਦੀ ਆਬਾਦੀ ਨਾਲ ਮਿਆਂਮਾਰ ਵਿੱਚ ਹੋ ਰਹੇ ਸਲੂਕ ਤੇ ਵਧੀਕੀਆਂ ਦੀ ਨਿਖੇਧੀ ਕਰਨ ਵਿੱਚ ਅਸਫਲ ਰਹੀ। ਹੁਣ ਤੱਕ ਘੱਟੋ ਘੱਟ 10,000 ਮੁਸਲਮਾਨ ਮਾਰੇ ਜਾ ਚੁੱਕੇ ਹਨ। ਇਹ ਸੰਯੁਕਤ ਰਾਸ਼ਟਰ ਦਾ ਅੰਦਾਜ਼ਾ ਹੈ। ਇਸ ਤੋਂ ਇਲਾਵਾ 700,000 ਤੋਂ ਵੱਧ ਗੁਆਂਢੀ ਮੁਲਕ ਬੰਗਲਾਦੇਸ਼ ਕੂਚ ਕਰਨ ਲਈ ਮਜਬੂਰ ਹੋਏ। ਸੂ ਕੀ ਨੇ ਇਸ ਸਮੱਸਿਆ ਬਾਰੇ ਸਿਰਫ ਇਹੋ ਆਖਿਆ ਹੈ ਕਿ ਇਸ ਨੂੰ ਹੋਰ ਚੰਗੀ ਤਰ੍ਹਾਂ ਸਾਂਭਿਆ ਜਾ ਸਕਦਾ ਸੀ।

ਪਿਛਲੇ ਹਫਤੇ ਐਮਪੀਜ਼ ਨੇ ਸਰਬਸੰਮਤੀ ਨਾਲ ਸੂ ਕੀ ਨੂੰ ਇਸ ਖਿਤਾਬ ਤੋਂ ਵਾਂਝਾ ਕਰਨ ਦਾ ਫੈਸਲਾ ਕੀਤਾ। ਅਜਿਹਾ ਪਹਿਲੀ ਵਾਰੀ ਹੋਇਆ ਹੈ ਕਿ ਕਿਸੇ ਸ਼ਖਸ ਤੋਂ ਆਨਰੇਰੀ ਨਾਗਰਿਕਤਾ ਵਾਪਿਸ ਲਈ ਗਈ ਹੋਵੇ। ਮਿਆਂਮਾਰ ਵਿੱਚ ਜਮਹੂਰੀਅਤ ਲਈ ਦਹਾਕਿਆਂ ਤੱਕ ਕੀਤੇ ਗਏ ਸੰਘਰਸ਼ ਸਦਕਾ ਸੂ ਕੀ ਨੂੰ 2012 ਵਿੱਚ ਕੈਨੇਡਾ ਵੱਲੋਂ ਆਨਰੇਰੀ ਨਾਗਰਿਕਤਾ ਦਿੱਤੀ ਗਈ ਸੀ।

## ਇਟਲੀ ਵਿੱਚ ਸੜਕ ਹਾਦਸੇ ਵਿੱਚ ਪੰਜਾਬੀ ਨੌਜਵਾਨ ਦੀ ਮੌਤ

ਮਿਲਾਨ, 2 ਅਕਤੂਬਰ (ਪੋਸਟ ਬਿਊਰੋ)- ਇਟਲੀ ਦੇ ਵਿਰੋਨਾ ਸ਼ਹਿਰ ਨੇੜੇ ਸੜਕ ਹਾਦਸੇ ਵਿੱਚ ਇਕ ਪੰਜਾਬੀ ਨੌਜਵਾਨ ਦੀ ਮੌਤ ਦੀ ਖਬਰ ਆਈ ਹੈ। ਇਹ ਹਾਦਸਾ ਕੱਲ੍ਹ ਦੁਪਹਿਰ ਵਾਪਰਿਆ, ਜਦੋਂ ਲਵਦੀਪ ਸਿੰਘ (35) ਨਾਂ ਦਾ ਵਿਅਕਤੀ ਸਾਈਕਲ 'ਤੇ ਸਵਾਰ ਹੋ ਕੇ ਦੁਪਹਿਰ ਵੇਲੇ ਕੰਮ ਤੋਂ ਘਰ ਪਰਤ ਰਿਹਾ ਸੀ। ਵਿਰੋਨਾ ਨੇੜਲੇ ਕਾਦਾਈਵਦੇ ਸ਼ਹਿਰ ਦੀ ਵਿਰੋਨਾ ਮੋਧਨਾ ਸੜਕ 'ਤੇ ਇਕ ਤੇਜ਼ ਰਫਤਾਰ ਕਾਰ ਨੇ ਇਸ ਨੌਜਵਾਨ ਨੂੰ ਲਪੇਟ 'ਚ ਲੈ ਲਿਆ।

ਪਤਾ ਲੱਗਾ ਹੈ ਕਿ ਇਸ ਕਾਰ ਨੂੰ ਇਕ ਇਟਾਲੀਅਨ ਲੜਕੀ ਚਲਾ ਰਹੀ ਸੀ। ਘਟਨਾ ਦੀ ਸੂਚਨਾ ਉਤੇ ਐਂਬੂਲੈਂਸ ਵੀ ਪਹੁੰਚ ਗਈ, ਪ੍ਰੰਤੂ ਗੰਭੀਰ ਹਾਲਤ ਹੋਣ ਕਰ ਕੇ ਡਾਕਟਰਾਂ ਦੀ ਟੀਮ ਲਵਦੀਪ ਸਿੰਘ ਨੂੰ ਬਚਾ ਨਹੀਂ ਸਕੀ। ਪੁਲਸ ਨੇ ਉਕਤ ਕਾਰ ਚਾਲਕ ਦੇ ਖਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਲਵਦੀਪ ਸਿੰਘ ਪੰਜਾਬ ਦੇ ਪਿੰਡ ਬੇਗੋਵਾਲ ਨਾਲ ਸਬੰਧਤ ਸੀ ਅਤੇ ਪਿਛਲੇ ਕੁਝ ਸਾਲਾਂ ਤੋਂ ਪੱਕੇ ਤੌਰ 'ਤੇ ਇਟਲੀ ਰਹਿ ਰਿਹਾ ਸੀ। ਉਸ ਦੇ ਪਿੱਛੇ ਦੋ ਬੱਚੇ ਤੇ ਪਤਨੀ ਹਨ।

# ਬ੍ਰੈਗਜ਼ਿਟ ਤੋਂ ਬਾਅਦ ਯੂਰਪੀਅਨ ਯੂਨੀਅਨ ਦੇ ਇਮੀਗ੍ਰੈਂਟਸ ਨੂੰ ਤਰਜੀਹ ਨਹੀਂ ਦਿੱਤੀ ਜਾਵੇਗੀ : ਯੂਕੇ

ਬਰਮਿੰਘਮ, ਇੰਗਲੈਂਡ, 2 ਅਕਤੂਬਰ (ਪੋਸਟ ਬਿਊਰੋ) : ਬ੍ਰੈਗਜ਼ਿਟ ਤੋਂ ਬਾਅਦ ਯੂਰਪੀਅਨ ਯੂਨੀਅਨ ਦੇ ਨਾਗਰਿਕਾਂ ਨੂੰ ਬ੍ਰਿਟੇਨ ਵਿੱਚ ਤਰਜੀਹ ਨਹੀਂ ਦਿੱਤੀ ਜਾਵੇਗੀ। ਇਹ ਖੁਲਾਸਾ ਮੰਗਲਵਾਰ ਨੂੰ ਸਰਕਾਰ ਨੇ ਕੀਤਾ।



ਇਸ ਸਮੇਂ ਸਾਰੇ ਯੂਰਪੀਅਨ ਯੂਨੀਅਨ ਨਾਗਰਿਕ ਬਿਨਾਂ ਕਿਸੇ ਰੋਕ ਟੋਕ ਦੇ ਬਲੌਕ ਦੇ ਫਰੀ ਮੂਵਮੈਂਟ ਨਿਯਮਾਂ ਤਹਿਤ ਬ੍ਰਿਟੇਨ ਵਿੱਚ ਰਹਿ ਸਕਦੇ ਹਨ ਤੇ ਕੰਮ ਕਰ ਸਕਦੇ ਹਨ। ਪਰ ਅਗਲੇ ਸਾਲ ਯੂਕੇ ਦੇ ਇਸ ਬਲੌਕ ਤੋਂ ਵੱ ਨਿਯਮਾਂ ਵਿੱਚ ਤਬਦੀਲੀਆਂ ਦਾ ਐਲਾਨ ਕਰਦਿਆਂ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਆਖਿਆ ਕਿ ਨਵੇਂ ਸਿਸਟਮ ਵਿੱਚ ਇਹ ਤਬਦੀਲੀ ਹਮੇਸ਼ਾਂ ਲਈ ਲਾਗੂ ਹੋ ਜਾਵੇਗੀ।

ਮੇਅ ਨੇ ਆਖਿਆ ਕਿ ਕਈ ਦਹਾਕਿਆਂ ਵਿੱਚ ਅਜਿਹਾ ਪਹਿਲੀ ਵਾਰੀ ਹੋਵੇਗਾ ਕਿ ਅਸੀਂ ਇਸ ਦੀ ਚੋਣ ਕਰਾਂਗੇ ਕਿ ਸਾਡੇ ਦੇਸ਼ ਵਿੱਚ ਕੌਣ ਆ ਸਕੇਗਾ ਤੇ ਇੱਥੇ ਰਹਿ ਕੇ ਕੰਮ ਕਰ ਸਕੇਗਾ। ਬਰਮਿੰਘਮ ਵਿੱਚ ਕੰਜ਼ਰਵੇਟਿਵ ਪਾਰਟੀ ਦੀ ਕਾਨਫਰੰਸ ਵਿੱਚ ਐਲਾਨੇ ਪ੍ਰਸਤਾਵਾਂ ਤਹਿਤ ਕਿਸੇ ਵੀ ਦੇਸ਼ ਤੋਂ ਬ੍ਰਿਟੇਨ ਸੈਟਲ ਹੋਣ ਦੀ ਚਾਹਣਾ ਰੱਖਣ ਵਾਲੇ ਬਿਨੇਕਾਰਾਂ ਨੂੰ ਤਨਖਾਹਾਂ ਸਬੰਧੀ ਸ਼ਰਤਾਂ ਮੰਨਣੀਆਂ ਹੋਣਗੀਆਂ ਤੇ ਉਹ ਆਪਣੇ ਇੰਪਲਾਇਰ ਵੱਲੋਂ ਸਪਾਂਸਰ ਕੀਤੇ ਜਾਣ ਤੋਂ ਬਾਅਦ ਹੀ ਆਪਣੇ ਪਰਿਵਾਰ ਨੂੰ ਇੱਧਰ ਲਿਆ ਸਕਣਗੇ।

ਸਰਕਾਰ ਨੇ ਆਪਣੇ ਪਹਿਲੇ ਵਾਅਦੇ ਨੂੰ ਦੁਹਰਾਉਂਦਿਆਂ ਆਖਿਆ ਕਿ ਯੂਰਪੀਅਨ ਯੂਨੀਅਨ ਦੇ 3 ਮਿਲੀਅਨ ਲੋਕ, ਜੋ ਕਿ ਇਸ ਸਮੇਂ ਬ੍ਰਿਟੇਨ ਵਿੱਚ ਰਹਿ ਰਹੇ ਹਨ, ਇੱਥੇ ਹੀ ਰਹਿ ਸਕਦੇ ਹਨ। ਫਿਰ ਭਾਵੇਂ ਯੂਕੇ ਬਿਨਾਂ ਕਿਸੇ ਸਮਝੌਤੇ ਦੇ ਬਲੌਕ ਨੂੰ ਛੱਡ ਦੇਵੇ। ਸਰਕਾਰ ਵੱਲੋਂ ਵਾਰੀ ਵਾਰੀ ਇਹ ਗੱਲ ਜ਼ੋਰ ਦੇ ਕੇ ਆਖੇ ਜਾਣ ਉੱਤੇ ਕਿ ਸਾਰੇ ਦੇਸ਼ਾਂ ਨਾਲ ਇੱਕੋ ਜਿਹਾ ਸਲੂਕ ਕੀਤਾ ਜਾਵੇਗਾ, ਮੰਤਰੀਆਂ ਤੇ ਕਾਰੋਬਾਰੀ ਗਰੁੱਪਜ਼ ਦਾ ਕਹਿਣਾ ਹੈ ਕਿ ਯੂਕੇ ਮੁਕਤ ਵਪਾਰ ਡੀਲਜ਼ ਦੇ ਬਦਲੇ ਵਿੱਚ ਕਈ ਦੇਸ਼ਾਂ ਨੂੰ ਤਰਜੀਹ ਦੇ ਸਕਦਾ ਹੈ।

# ਨਵੇਂ ਨਾਫਟਾ ਇਕਰਾਰਨਾਮੇ ਵਿੱਚ ਨਵੀਆਂ ਮੱਦਾਂ ਦੀ ਇੱਕ ਝਲਕ

ਓਟਾਵਾ, 2 ਅਕਤੂਬਰ (ਪੋਸਟ ਬਿਊਰੋ) : ਕੈਨੇਡਾ ਅਤੇ ਅਮਰੀਕਾ ਦਰਮਿਆਨ ਨੇਪਰੇ ਚਾੜ੍ਹੇ ਗਏ ਟਰੇਡ ਸਮਝੌਤੇ ਵਿੱਚ ਕਈ ਗੱਲਾਂ ਹਨ ਜਿਹਨਾਂ ਦਾ ਵਿਸ਼ੇਸ਼ ਜ਼ਿਕਰ ਕੀਤਾ ਜਾਣਾ ਬਣਦਾ ਹੈ। ਸੱਭ ਤੋਂ ਪ੍ਰਮੁੱਖ ਹੈ ਕਿ ਇਸਦਾ ਨਾਮ ਨਾਫਟਾ ਤੋਂ ਬਦਲ ਕੇ ਯੂਐਸਐਮਸੀਏ (ਊਛਓ) ਹੋ ਗਿਆ ਹੈ। ਕੁੱਝ ਖਾਸ ਤਬਦੀਲੀਆਂ ਇੰਝ ਹਨ ਜਿਹਨਾਂ ਨੂੰ ਅਮਲ ਵਿੱਚ ਲਿਆਉਣ ਲਈ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਦੀਆਂ ਪਾਰਲੀਮੈਂਟ ਜਾਂ ਸੀਨੇਟ ਵੱਲੋਂ ਪਾਸ ਕੀਤਾ ਜਾਣਾ ਲਾਜ਼ਮੀ ਹੈ। ਜਦੋਂ ਤੱਕ ਨਵਾਂ ਇਕਰਾਰਨਾਮਾ ਲਾਗੂ ਨਹੀਂ ਹੋ ਜਾਂਦਾ, ਪੁਰਾਣਾ ਨਾਫਟਾ ਹੋਂਦ ਵਿੱਚ ਰਹੇਗਾ:

ਆਟੋ ਉਤਪਾਦਨ : ਟੈਰਿਫ ਮੁਕਤ ਵਿੱਕਰੀ ਲਈ ਯੋਗ ਬਣਨ ਵਾਸਤੇ ਕਾਰ ਦਾ 75 ਫੀ ਸਦੀ ਹਿੱਸਾ ਨੌਰਥ ਅਮਰੀਕਾ ਵਿੱਚ ਤਿਆਰ ਕੀਤਾ ਜਾਣਾ ਜ਼ਰੂਰੀ ਹੈ ਜਦਕਿ ਨਾਫਟਾ ਡੀਲ ਵਿੱਚ ਇਹ ਸ਼ਰਤ 62.5 ਫੀ ਸਦੀ ਸੀ। ਇਸ ਦੇ ਨਾਲ ਹੀ 40 ਫੀ ਸਦੀ ਕਾਰ ਅਜਿਹੇ ਕਾਮਿਆਂ ਵੱਲੋਂ ਤਿਆਰ ਕੀਤੀ ਜਾਣੀ ਚਾਹੀਦੀ ਹੈ ਜਿਹੜੇ 16 ਡਾਲਰ (ਅਮਰੀਕੀ ਡਾਲਰ) ਪ੍ਰਤੀ ਘੰਟਾ ਲੈਂਦੇ ਹੋਣ, ਇਹ ਮੈਕਸਿਕੋ ਦੇ ਕਾਮਿਆਂ ਵੱਲੋਂ ਔਸਤਨ ਹਾਸਲ ਕੀਤੇ ਜਾਣ ਵਾਲੇ ਮਿਹਨਤਾਨੇ ਤੋਂ ਕਿਤੇ ਜ਼ਿਆਦਾ ਹੈ। ਇਸ ਤਰ੍ਹਾਂ ਦਾ ਕੋਈ ਵੀ ਪ੍ਰਬੰਧ ਨਾਫਟਾ ਵਿੱਚ ਨਹੀਂ ਸੀ। ਇਨ੍ਹਾਂ ਤਬਦੀਲੀਆਂ ਦੀ ਮੰਗ ਟਰੰਪ ਵੱਲੋਂ ਇਸ ਆਸ ਨਾਲ ਕੀਤੀ ਗਈ ਹੈ ਤਾਂ ਕਿ ਨਵੀਆਂ ਨੀਤੀਆਂ ਸਦਕਾ ਸ਼ਾਇਦ ਆਟੋ ਉਤਪਾਦਨ ਮੈਕਸਿਕੋ ਤੇ ਸਮੁੰਦਰੋਂ ਪਾਰ ਤੋਂ ਹਥਿਆਇਆ ਜਾ ਸਕੇ।

ਆਟੋ ਟੈਰਿਫਜ਼ : ਅਮਰੀਕਾ ਨੇ ਇਹ ਗਾਰੰਟੀ ਦਿੱਤੀ ਹੈ ਕਿ ਕੈਨੇਡਾ ਵਿੱਚ ਤਿਆਰ ਹੋਣ ਵਾਲੀਆਂ ਪਹਿਲੀਆਂ 2.6 ਮਿਲੀਅਨ ਕਾਰਾਂ ਜਿਹੜੀਆਂ ਹਰ ਸਾਲ ਅਮਰੀਕਾ ਵੱਲੋਂ ਇੰਪੋਰਟ ਕੀਤੀਆਂ ਜਾਣਗੀਆਂ ਉਨ੍ਹਾਂ ਉੱਤੇ ਨੈਸ਼ਨਲ ਸਕਿਊਰਿਟੀ ਦੇ ਨਾਂ ਉੱਤੇ ਆਟੋ ਟੈਰਿਫ ਨਹੀਂ ਵਸੂਲਿਆ ਜਾਵੇਗਾ। ਅਮਰੀਕਾ ਇੱਕ ਸਾਲ ਵਿੱਚ 1.8 ਮਿਲੀਅਨ ਕਾਰਾਂ ਹਰ ਸਾਲ ਕੈਨੇਡਾ ਤੋਂ ਇੰਪੋਰਟ ਕਰਦਾ ਹੈ। ਇਸ ਤਰ੍ਹਾਂ ਟਰੰਪ ਨੇ ਬੜੀ ਹੀ ਚਲਾਕੀ ਨਾਲ ਕੈਨੇਡਾ ਤੋਂ ਆਉਣ ਵਾਲੀਆਂ ਅੰਦਾਜ਼ਨ ਸਾਰੀਆਂ ਕਾਰਾਂ ਤੇ ਉਨ੍ਹਾਂ ਤੋਂ ਇਲਾਵਾ 800,000 ਹੋਰ ਵਾਧੂ ਕਾਰਾਂ ਨੂੰ ਟੈਰਿਫ ਤੋਂ ਛੋਟ ਦੇ ਦਿੱਤੀ ਹੈ। ਕੈਨੇਡੀਅਨ ਆਟੋ ਪਾਰਟਸ ਲਈ ਵੀ ਅਮਰੀਕਾ ਨੇ ਅਜਿਹੀ ਹੀ ਛੋਟ ਦਿੱਤੀ ਹੈ। ਆਟੋ ਪਾਰਟਸ ਲਈ 34.2 ਬਿਲੀਅਨ ਪਹਿਲੇ ਇੰਪੋਰਟ ਉੱਤੇ ਟੈਰਿਫ ਨਹੀਂ ਵਸੂਲਿਆ ਜਾਵੇਗਾ।

ਡੇਅਰੀ : ਕੈਨੇਡਾ ਵੱਲੋਂ ਆਪਣਾ ਸਪਲਾਈ ਮੈਨੇਜਮੈਂਟ ਸਿਸਟਮ ਬਰਕਰਾਰ ਰੱਖਿਆ ਗਿਆ ਹੈ, ਜੋ ਕਿ ਘਰੇਲੂ ਕਿਸਾਨਾਂ ਦੀ ਹਿਫਾਜ਼ਤ ਕਰਦਾ ਹੈ। ਪਰ ਕੈਨੇਡਾ ਵੱਲੋਂ ਅਮਰੀਕਾ ਨੂੰ ਘਰੇਲੂ ਡੇਅਰੀ ਮਾਰਕਿਟ ਵਿੱਚ 3.6 ਫੀ ਸਦੀ ਟੈਰਿਫ ਮੁਕਤ ਪਹੁੰਚ ਮੁਹੱਈਆ ਕਰਵਾਈ ਗਈ ਹੈ। ਟਰਾਂਸ ਪੈਸੇਫਿਕ ਪਾਰਟਨਰਸ਼ਿਪ, ਜਿਸ ਵਿੱਚ ਟਰੰਪ ਬਾਹਰ ਹੋ ਗਏ ਸਨ, ਲਈ ਕੈਨੇਡਾ ਆਪਣੇ 11 ਭਾਈਵਾਲਾਂ ਨੂੰ ਘਰੇਲੂ ਮਾਰਕਿਟ ਵਿੱਚ 3.25 ਫੀ ਸਦੀ ਪਹੁੰਚ ਦੇ ਚੁੱਕਿਆ ਹੈ।

ਸਨਸੈੱਟ ਕਲਾਜ਼ : ਇਹ ਸਮਝੌਤਾ 16 ਸਾਲਾਂ ਵਿੱਚ ਖਤਮ ਹੋ ਜਾਵੇਗਾ ਪਰ ਇਸ ਵਿੱਚ ਛੇ ਸਾਲ ਦਾ ਸਮਾਂ ਰਹਿੰਦਿਆਂ ਇਨ੍ਹਾਂ ਤਿੰਨਾਂ ਮੁਲਕਾਂ ਕੋਲ ਇਹ ਬਦਲ ਹੋਵੇਗਾ ਕਿ ਉਹ ਅਗਲੇ 16 ਸਾਲਾਂ ਵਾਸਤੇ ਇਸ ਨੂੰ ਮੁੜ ਨੰਵਿਆਂ ਲੈਣ। ਜੇ ਉਹ ਉਸ ਸਮੇਂ ਇਸ ਵਿੱਚ 16 ਸਾਲਾਂ ਦਾ ਵਾਧਾ ਕਰਨ ਦੇ ਹੱਕ ਵਿੱਚ ਨਹੀਂ ਹੋਣਗੇ ਤਾਂ ਉਹ ਹਰ ਸਾਲ ਮਿਲ ਕੇ ਇਸ ਸਮਝੌਤੇ ਦੇ ਮੁੱਦੇ ਵਿਚਾਰ ਸਕਣਗੇ।

ਸਟੀਲ ਤੇ ਐਲੂਮੀਨੀਅਮ ਟੈਰਿਫ : ਇਸ ਸਮਝੌਤੇ ਨਾਲ ਅਮਰੀਕਾ ਵੱਲੋਂ ਕੈਨੇਡਾ ਦੇ ਸਟੀਲ ਤੇ ਐਲੂਮੀਨੀਅਮ ਉੱਤੇ ਲਾਏ ਟੈਰਿਫ ਦਾ ਮੁੱਦਾ ਹੱਲ ਨਹੀਂ ਹੋਇਆ। ਨਾ ਹੀ ਕੈਨੇਡਾ ਵੱਲੋਂ ਜਵਾਬੀ ਕਾਰਵਾਈ ਵਿੱਚ ਅਮਰੀਕਾ ਦੀਆਂ ਕਈ ਵਸਤਾਂ ਉੱਤੇ ਲਾਏ ਗਏ ਟੈਰਿਫ ਦਾ ਹੀ ਮੁੱਦਾ ਹੱਲ ਹੋਇਆ ਹੈ।

ਚੈਪਟਰ 19 ਡਿਸਪਿਊਟ ਰੈਸੋਲਿਊਸ਼ਨ : ਇਸ ਸਮਝੌਤੇ ਵਿੱਚ ਚੈਪਟਰ 19 ਸਿਸਟਮ ਨੂੰ ਸਹੇਜ ਕੇ ਰੱਖਿਆ ਗਿਆ ਹੈ, ਜੋ ਕਿ ਹਰੇਕ ਦੇਸ਼ ਨੂੰ ਇਹ ਖੁੱਲ੍ਹ ਦਿੰਦਾ ਹੈ ਕਿ ਉਹ ਅਜ਼ਾਦਾਨਾ ਪੈਨਲ ਕੋਲ ਦੂਜੇ ਦੇਸ਼ ਵੱਲੋਂ ਲਾਏ ਜਾ ਰਹੇ ਟੈਕਸਾਂ ਨੂੰ ਚੁਣੌਤੀ ਦੇ ਸਕੇ।

ਕਲਚਰਲ ਛੋਟ : ਇਸ ਸਮਝੌਤੇ ਤਹਿਤ ਕਲਚਰਲ ਛੋਟ ਨੂੰ ਵੀ ਬਰਕਰਾਰ ਰੱਖਿਆ ਗਿਆ ਹੈ ਜਿਸ ਤਹਿਤ ਕੈਨੇਡਾ ਨੂੰ ਇਹ ਖੁੱਲ੍ਹ ਹੋਵੇਗੀ ਕਿ ਉਹ ਕਲਾਤਮਕ ਵਿਸ਼ੇ ਦੇ ਉਤਪਾਦਕਾਂ ਨੂੰ ਤਰਜੀਹ ਦੇ ਸਕੇਗਾ।

ਕੌਪੀਰਾਈਟ ਸ਼ਰਤਾਂ: ਕੌਪੀਰਾਈਟ ਹਿਫਾਜ਼ਤ ਤਹਿਤ ਸਬੰਧਤ ਆਥਰ ਨੂੰ ਜੀਵਨਭਰ ਤੇ ਬਾਅਦ ਵਿੱਚ 70 ਸਾਲ ਤੱਕ ਸਬੰਧਤ ਚੀਜ਼ ਦਾ ਮਾਲਕਾਨਾ ਹੱਕ ਦਿੱਤਾ ਜਾਵੇਗਾ। ਅਮਰੀਕਾ ਨੇ ਇਸ ਵਿੱਚ ਵਾਧੇ ਦੀ ਮੰਗ ਕੀਤੀ ਸੀ ਤੇ ਕੈਨੇਡਾ ਵੱਲੋਂ ਪਹਿਲਾਂ ਇਸ ਦਾ ਵਿਰੋਧ ਕੀਤਾ ਗਿਆ ਸੀ।

ਚੈਪਟਰ 11 ਇਨਵੈਸਟਰ-ਸਟੇਟ ਵਿਵਾਦ ਨਿਬੇੜਾ : ਕੈਨੇਡਾ ਤੇ ਅਮਰੀਕਾ ਹੌਲੀ ਹੌਲੀ ਇਸ ਸਿਸਟਮ ਨੂੰ ਹਟਾ ਦੇਣਗੇ ਜਿਸ ਤਹਿਤ ਵਿਦੇਸ਼ੀ ਨਿਵੇਸ਼ਕ ਦੂਜੇ ਦੇਸ਼ ਦੀ ਸਰਕਾਰ ਨੂੰ ਉਨ੍ਹਾਂ ਨਾਲ ਕਥਿਤ ਤੌਰ ਉੱਤੇ ਕੀਤੇ ਜਾਣ ਵਾਲੇ ਮਾੜੇ ਵਿਵਹਾਰ ਕਾਰਨ ਕਟਹਿਰੇ ਵਿੱਚ ਖੜ੍ਹਾ ਕਰ ਸਕਦੇ ਹਨ।

ਆਨਲਾਈਨ ਸ਼ਾਪਿੰਗ : ਕੈਨੇਡਾ ਵੱਲੋਂ ਆਨਲਾਈਨ ਸ਼ਾਪਿੰਗ ਕਰਨ ਵਾਲੇ ਆਪਣੇ ਨਾਗਰਿਕਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ। ਅਮਰੀਕਾ ਤੋਂ ਆਨਲਾਈਨ ਸ਼ਾਪਿੰਗ ਕਰਨ ਵਾਲੇ ਕੈਨੇਡੀਅਨਾਂ ਨੂੰ ਹੁਣ ਪਹਿਲੇ 40 ਡਾਲਰ ਉੱਤੇ ਡਿਊਟੀਜ਼ ਤੇ ਸੇਲਜ਼ ਟੈਕਸ ਨਹੀਂ ਦੇਣਾ ਹੋਵੇਗਾ। ਪਰ ਇਹ ਤਬਦੀਲੀ ਕੈਨੇਡਾ ਪੋਸਟ ਵੱਲੋਂ ਡਲਿਵਰ ਕੀਤੀਆਂ ਜਾਣ ਵਾਲੀਆਂ ਵਸਤਾਂ ਉੱਤੇ ਲਾਗੂ ਨਹੀਂ ਹੋਵੇਗੀ।

ਬਾਇਓਲੌਜਿਕਸ : ਕੈਨੇਡਾ ਫਾਰਮਾਸਿਊਟੀਕਲ ਡਰੱਗਜ਼, ਜਿਨ੍ਹਾਂ ਨੂੰ ਬਾਇਓਲੌਜਿਕਸ ਆਖਿਆ ਜਾਂਦਾ ਹੈ, ਲਈ ਦਸ ਸਾਲ ਤੱਕ ਡਾਟਾ ਪ੍ਰੋਟੈਕਸ਼ਨ ਮੁਹੱਈਆ ਕਰਾਵੇਗਾ। ਪਹਿਲਾਂ ਇਹ ਸਹੂਲਤ ਅੱਠ ਸਾਲਾਂ ਲਈ ਸੀ। ਅਮਰੀਕਾ ਵੱਲੋਂ 12 ਸਾਲ ਦੀ ਪੇਸ਼ਕਸ਼ ਕੀਤੀ ਗਈ ਸੀ। ਇਸ ਤੋਂ ਭਾਵ ਹੈ ਕਿ ਇਨ੍ਹਾਂ ਦਵਾਈਆਂ ਦੇ ਸਸਤੇ ਜੈਨੇਰਿਕ ਸੰਸਕਰਣ ਪਹਿਲਾਂ ਵਾਂਗ ਹੁਣ ਕੈਨੇਡਾ ਵਿੱਚ ਹਾਸਲ ਨਹੀਂ ਹੋ ਸਕਣਗੇ। ਇਸ ਤੋਂ ਇਲਾਵਾ ਇਨ੍ਹਾਂ ਦੀਆਂ ਕੀਮਤਾਂ ਆਮ ਨਾਲੋਂ ਜ਼ਿਆਦਾ ਹੋਣਗੀਆਂ।

ਟੀਐਨ ਵੀਜ਼ਾਜ਼ : ਨਾਫਟਾ ਤਹਿਤ ਟੀਐਨ ਪ੍ਰੋਫੈਸ਼ਨਲ ਵੀਜ਼ਾਜ਼ ਲਈ ਯੋਗ ਕਿੱਤਿਆਂ ਦੀ ਸੂਚੀ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ। ਅਜਿਹੇ ਵੀਜ਼ਿਆਂ ਉੱਤੇ ਅਮਰੀਕਾ ਵਿੱਚ ਰਹਿ ਰਹੇ ਕੈਨੇਡੀਅਨਾਂ ਉੱਤੇ ਕੋਈ ਅਸਰ ਨਹੀਂ ਹੋਵੇਗਾ।


COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635



A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
• ਗਰਦਨ ਦਰਦ • ਸਿਰਦਰਦ • ਕਮਰ ਦਰਦ
• ਡਿਸਕ ਦਾ ਦਰਦ • ਤੁਰਨ ਵੇਲੇ ਲੱਤਾਂ ਵਿੱਚ ਦਰਦ
• ਗੋਡਿਆਂ ਵਿੱਚ ਦਰਦ ਜਾਂ ਸੋਜ • ਪੱਸਲੀਆਂ ਦਾ ਦਰਦ
• ਅੱਡੀਆਂ ਦਾ ਦਰਦ • ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

UK Truck Training Centre
Ministry Approved Private Carrier College
Automatic & Manual Trucks
• 1 on 1 Training
Forklift Training
Forklift $79 Recertification
Reach Truck
Counterbalance
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR



TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ
ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

ShérGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6



ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
• ਲਿਵਰ ਸਰੋਇਸਿਸ ਫੈਟੀ ਲਿਵਰ ਹੈਪਾਟਾਇਟਸ A, B &C ਪੀਲੀਆ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
• ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ, ਮਹਾਵਾਰੀ ਤੇ ਔਰਤਾਂ ਦੀਆਂ ਯੁਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
• ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ ਤੇ ਬਾਇਪਾਸ
• ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
• ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
• ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

# ਮੰਗਾਂ ਮੰਨਵਾਉਣ ਲਈ ਦਿੱਲੀ ਜਾਂਦੇ ਕਿਸਾਨਾਂ ਉੱਤੇ ਡਾਂਗਾਂ ਦਾ ਮੀਂਹ ਵਰ੍ਹਾਇਆ ਗਿਆ



ਨਵੀਂ ਦਿੱਲੀ, 2 ਅਕਤੂਬਰ, (ਪੋਸਟ ਬਿਊਰੋ)- ਫਸਲਾਂ ਦੇ ਸਹੀ ਮੁੱਲ, ਕਰਜ਼ਾ ਮੁਆਫ਼ੀ ਅਤੇ ਸਵਾਮੀਨਾਥਨ ਰਿਪੋਰਟ ਸਮੇਤ ਆਪਣੀਆਂ ਕਈ ਜਾਇਜ਼ ਮੰਗਾਂ ਮੰਨਵਾਉਣ ਲਈ ਟਰੈਕਟਰ-ਟਰਾਲੀਆਂ ਉੱਤੇ ਸਵਾਰ ਹੋ ਕੇ ਰਾਜਧਾਨੀ ਦਿੱਲੀ ਨੂੰ ਜਾਂਦੇ ਕਿਸਾਨਾਂ ਨੂੰ ਦਿੱਲੀ-ਉੱਤਰ ਪ੍ਰਦੇਸ਼ ਬਾਰਡਰ ਉੱਤੇ ਰੋਕੇ ਜਾਣ ਪਿੱਛੋਂ ਕਿਸਾਨ ਭੜਕ ਗਏ ਤਾਂ ਪੁਲਸ ਨਾਲ ਟਕਰਾਅ ਹੋ ਗਿਆ। ਇਸ ਮੌਕੇ ਕਿਸਾਨਾਂ ਨੇ ਟਰੈਕਟਰਾਂ ਨਾਲ ਪੁਲੀਸ ਦੀਆਂ ਰੋਕਾਂ ਤੋੜਨ ਦੀ ਕੋਸ਼ਿਸ਼ ਕੀਤੀ ਤਾਂ ਦਿੱਲੀ ਪੁਲੀਸ ਅਤੇ ਰੈਪਿਡ ਐਕਸ਼ਨ ਫੋਰਸ ਨੇ ਅੱਥਰੂ ਗੈਸ ਛੱਡੇ ਤੇ ਜਲ ਤੋਪਾਂ ਦੀ ਬੁਛਾੜ ਨਾਲ ਕਿਸਾਨਾਂ ਦਾ ਮਾਰਚ ਰੋਕਿਆ। ਓਧਰ ਕੇਂਦਰ ਸਰਕਾਰ ਨੇ ਅੱਜ ਕੁਝ ਮੰਗਾਂ ਮੰਨ ਲਈਆਂ, ਪਰ ਸਮੁੱਚੇ ਕਿਸਾਨੀ ਕਰਜ਼ੇ ਮੁਆਫ਼ ਕਰਨ ਅਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਵਾਅਦੇ ਮੁਤਾਬਕ ਲਾਗੂ ਕਰਨ ਬਾਰੇ ਟਾਲਦੀ ਰਹੀ।

ਗਾਜ਼ੀਪੁਰ ਬਾਰਡਰ ਉੱਤੇ ਅੱਜ ਹੋਏ ਟਕਰਾਅ ਦੌਰਾਨ 20 ਤੋਂ ਵੱਧ ਕਿਸਾਨ ਜ਼ਖ਼ਮੀ ਹੋਏ ਤੇ ਪੁਲੀਸ ਵਾਲਿਆਂ ਨੇ ਖ਼ੁਦ ਹੀ ਕਾਨੂੰਨ ਤੋੜਦੇ ਹੋਏ 40 ਤੋਂ ਵੱਧ ਟਰੈਕਟਰਾਂ ਦੇ ਪਿਛਲੇ ਟਾਇਰਾਂ ਦੀਆਂ ਟਿਊਬਾਂ ਦੀਆਂ ਟੂਟੀਆਂ ਤੋੜ ਦਿੱਤੀਆਂ ਸਨ ਤਾਂ ਜੋ ਕਿਸਾਨ ਟਰੈਕਟਰਾਂ ਨਾਲ ਬੈਰੀਕੇਡ ਤੋੜ ਕੇ ਅੱਗੇ ਨਾ ਵਧ ਸਕਣ। ਇਸ ਦੌਰਾਨ ਦਿੱਲੀ ਪੁਲੀਸ ਨੇ ਰਾਜਘਾਟ ਨੇੜੇ 20 ਕਿਸਾਨ ਹਿਰਾਸਤ ਵਿੱਚ ਲੈ ਲਏ ਹਨ। ਪ੍ਰਸ਼ਾਸਨ ਨੇ ਗਾਜ਼ੀਪੁਰ ਦੇ ਕਈ ਇਲਾਕਿਆਂ ਵਿੱਚ ਕੱਲ੍ਹ ਰਾਤ ਹੀ ਦਫ਼ਾ 144 ਲਾਗੂ ਕਰ ਦਿੱਤੀ ਸੀ। ਅੱਜ ਦੇ ਕਿਸਾਨ ਅੰਦੋਲਨ ਵਿੱਚ ਪੁਲੀਸ ਦਾ ਇੱਕ ਅਸਿਸਟੈਂਟ ਕਮਿਸ਼ਨਰ ਅਤੇ ਸੱਤ ਪੁਲੀਸ ਮੁਲਾਜ਼ਮ ਜ਼ਖ਼ਮੀ ਹੋਏ ਹਨ। ਮਿਲੀ ਜਾਣਕਾਰੀ ਅਨੁਸਾਰ ਪੁਲੀਸ ਨੇ ਅੱਜ ਜਿਨ੍ਹਾਂ ਕਿਸਾਨਾਂ ਦੇ ਟਰੈਕਟਰਾਂ ਦੀ ਹਵਾ ਕੱਢੀ ਸੀ, ਦੇਰ ਸ਼ਾਮ ਤੱਕ ਪ੍ਰਸ਼ਾਸਨ ਵੱਲੋਂ ਠੀਕ ਕਰਵਾ ਦੇਣ ਨਾਲ ਕਈ ਕਿਸਾਨ ਘਰਾਂ ਨੂੰ ਮੁੜ ਗਏ।

ਇਸ ਦੌਰਾਨ ਕਿਸਾਨ ਆਗੂ ਹਰਿੰਦਰ ਸਿੰਘ ਲੱਖੋਵਾਲ ਦੇ ਮੁਤਾਬਕ ਬੀਤੀ ਰਾਤ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨਾਲ ਕਿਸਾਨ ਆਗੂਆਂ ਦੀ ਬੈਠਕ ਹੋਈ ਸੀ, ਪਰ ਗੱਲ ਕਿਸੇ ਸਿਰੇ ਨਹੀਂ ਸੀ ਲੱਗੀ। ਇਹ ਹਾਲਤ ਦੇਖ ਕੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਸਾਨ ਆਗੂ ਨਰੇਸ਼ ਟਕੈਤ ਨਾਲ ਫੋਨ ਉੱਤੇ ਕਿਸਾਨਾਂ ਦੀਆਂ ਮੰਗਾਂ ਦੀ ਗੱਲ ਕੀਤੀ ਤੇ ਫਿਰ ਉਨ੍ਹਾਂ ਨੇ ਇਸ ਬਾਰੇ ਬੈਠਕ ਸੱਦੀ, ਜਿਸ ਵਿੱਚ ਅਜਮੇਰ ਸਿੰਘ ਲੱਖੋਵਾਲ, ਹਰਿੰਦਰ ਸਿੰਘ ਲੱਖੋਵਾਲ, ਯੁੱਧਵੀਰ ਸਿੰਘ, ਰਤਨ ਸਿੰਘ (ਹਰਿਆਣਾ) ਧਰਮਿੰਦਰ ਮਲਿਕ (ਉੱਤਰ ਪ੍ਰਦੇਸ਼) ਆਦਿ ਸ਼ਾਮਲ ਹੋਏ। ਪਤਾ ਲੱਗਾ ਹੈ ਕਿ ਬੈਠਕ ਵਿੱਚ ਕੌਮੀ ਗ੍ਰੀਨ ਟ੍ਰਿਬਿਊਨਲ (ਐੱਨ ਜੀ ਟੀ) ਵੱਲੋਂ 10 ਸਾਲ ਪੁਰ-ਾਣੇ ਟਰੈਕਟਰਾਂ ਉੱਤੇ ਲਾਈ ਰੋਕ ਖਤਮ ਕਰਨ, ਫਸਲਾਂ ਦੀ ਖ਼ਰੀਦ ਘੱਟੋ-ਘੱਟ ਭਾਅ ਉੱਤੇ ਪੱਕਾ ਕਰਨ ਲਈ ਕਾਨੂੰਨ ਬਣਾ ਕੇ ਇੱਕੋ ਜਿਹੀ ਖ਼ਰੀਦ ਨੀਤੀ ਬਣਾਉਣ, ਖੇਤੀ ਸੰਦਾਂ ਉੱਤੇ ਜੀ ਐੱਸ ਟੀ 28 ਫੀਸਦੀ ਤੋਂ ਘਟਾ ਕੇ 5 ਫੀਸਦੀ ਕਰਨ, ਫਸਲ ਬੀਮਾ ਯੋਜਨਾ ਹੇਠ ਇੱਕ ਏਕੜ ਨੂੰ ਯੂਨਿਟ ਮੰਨ ਕੇ ਇਸ ਯੋਜਨਾ ਦੀਆਂ ਕਮੀਆਂ ਦੂਰ ਕਰਨ ਦੀਆਂ ਮੰਗਾਂ ਦੀ ਸਹਿਮਤੀ ਹੋਣ ਪਿੱਛੋਂ ਛੇ ਮੁੱਖ ਮੰਤਰੀਆਂ ਦੀ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਮੀਟਿੰਗ ਵਿੱਚ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੋਂ ਇਲਾਵਾ ਕੇਂਦਰੀ ਖੇਤੀ ਰਾਜ ਮੰਤਰੀ ਰਾਜਿੰਦਰ ਸਿੰਘ ਸ਼ੇਖਾਵਤ ਅਤੇ ਉੱਤਰ ਪ੍ਰਦੇਸ਼ ਦੇ ਗੰਨਾ ਮੰਤਰੀ ਸੁਰੇਸ਼ ਰਾਣਾ ਵੀ ਸ਼ਾਮਲ ਸਨ।

ਇੱਕ ਕਿਸਾਨ ਆਗੂ ਨੇ ਕਿਹਾ ਕਿ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਅਤੇ ਕਰਜ਼ਾ ਮੁਆਫ਼ੀ ਬਾਰੇ ਕੇਂਦਰ ਸਰਕਾਰ ਸਾਨੂੰ ਟਾਲਦੀ ਲੱਗਦੀ ਸੀ। ਕੇਂਦਰ ਸਰਕਾਰ ਨੇ 45000 ਕਰੋੜ ਰੁਪਏ ਨਾਲ ਕਿਸਾਨਾਂ ਦੀਆਂ ਫਸਲਾਂ ਖ਼ਰੀਦਣ ਦਾ ਪ੍ਰਬੰਧ ਕਰਨ ਬਾਰੇ ਕਿਹਾ ਹੈ, ਪਰ ਕਿਸਾਨਾਂ ਦੀ ਇਸ ਨਾਲ ਤਸੱਲੀ ਨਹੀਂ ਹੋਈ।

ਭਾਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਹਰਿਦੁਆਰ ਦੇ ਟਿਕੈਤ ਘਾਟ ਤੋਂ ਚੱਲੇ ਕਿਸਾਨਾਂ ਨੂੰ ਦਿੱਲੀ ਅੰਦਰ ਵੜਨ ਤੋਂ ਰੋਕਣ ਲਈ ਪੁਲੀਸ ਵੱਲੋਂ ਕੀਤੇ ਲਾਠੀਚਾਰਜ ਦੀ ਵਿਰੋਧੀ ਧਿਰਾਂ ਦੇ ਆਗੂਆਂ ਨੇ ਨਿੰਦਾ ਕੀਤੀ ਹੈ। ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਕਿਸਾਨਾਂ ਨੂੰ ਬੇਰਹਿਮੀ ਨਾਲ ਕੁੱਟਣ ਦੀ ਨਿੰਦਾ ਕੀਤੀ ਤੇ ਕਿਹਾ ਕਿ ਵਿਸ਼ਵ ਅਹਿੰਸਾ ਦਿਵਸ ਮੌਕੇ ਵੀ ਕਿਸਾਨ ਆਪਣੀਆਂ ਮੰਗਾਂ ਆਪਣੀ ਰਾਜਧਾਨੀ ਵਿੱਚ ਨਹੀਂ ਉਠਾ ਸਕੇ, ਉਹ ਤਾਂ ਸ਼ਾਂਤਮਈ ਹੋ ਕੇ ਦਿੱਲੀ ਆ ਰਹੇ ਸਨ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀ ਪੁਲੀਸ ਕਾਰਵਾਈ ਦੀ ਨਿੰਦਾ ਕੀਤੀ ਹੈ।

# ਫੋਰਡ ਨੇ ਲੇਬਰ ਸੁਧਾਰ ਕਾਨੂੰਨ ਨੂੰ ਖਤਮ ਕਰਨ ਦਾ ਪ੍ਰਗਟਾਇਆ ਤਹੱਈਆ

.....ਪੰਨਾ 1 ਦਾ ਬਾਕੀ

ਪ੍ਰੀਮੀਅਰ ਨੇ ਆਖਿਆ ਕਿ ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਅਸੀਂ ਵਿਸ਼ਵ ਵਿੱਚ ਮੁਕਾਬਲੇਬਾਜ਼ੀ ਵਿੱਚ ਖਰੇ ਉਤਰੀਏ।ਅਸੀਂ ਬਿੱਲ 148 ਤੋਂ ਜਲਦ ਖਹਿੜਾ ਛੁਡਾ ਲਵਾਂਗੇ। ਅਸੀਂ ਇਹ ਵੀ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਫਰੰਟ ਲਾਈਨ ਵਰਕਰਜ਼ ਦੀ ਹਿਫਾਜ਼ਤ ਕਰ ਸਕੀਏ।

ਪ੍ਰੋਗਰੈਸਿਵ ਕੰਜ਼ਰਵੇਟਿਵਾਂ ਨੇ ਪਿਛਲੇ ਹਫਤੇ ਇਹ ਆਖਿਆ ਸੀ ਕਿ ਲਿਬਰਲ ਲਾਅ ਤਹਿਤ ਅਗਲੇ ਸਾਲ ਤੋਂ ਘੱਟ ਤੋਂ ਘੱਟ ਉਜਰਤਾਂ ਵਿੱਚ ਹੋਣ ਜਾ ਰਹੇ ਵਾਧੇ ਨੂੰ ਫਿਲਹਾਲ ਉਨ੍ਹਾਂ ਵੱਲੋਂ ਰੋਕਿਆ ਜਾਵੇਗਾ। ਫੋਰਡ ਦੀਆਂ ਟਿੱਪਣੀਆਂ ਨੂੰ ਸਪਸ਼ਟ ਕਰਨ ਦੇ ਸਬੰਧ ਵਿੱਚ ਜਦੋਂ ਪੁੱਛਿਆ ਗਿਆ ਤਾਂ ਆਰਥਿਕ ਵਿਕਾਸ ਮੰਤਰੀ ਜਿੰਮ ਵਿਲਸਨ ਨੇ ਆਖਿਆ ਕਿ ਇਹ ਕਾਨੂੰਨ ਅਜੇ ਵੀ ਮੁਲਾਂਕਣ ਤਹਿਤ ਹੈ ਤੇ ਉਨ੍ਹਾਂ ਆਖਿਆ ਕਿ ਇਹ ਸਾਡੇ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਉਨ੍ਹਾਂ ਆਖਿਆ ਕਿ ਇਸ ਬਿੱਲ ਦੇ ਕੁੱਝ ਹਿੱਸੇ ਅਸੀਂ ਕਾਇਮ ਰੱਖਾਂਗੇ ਤੇ ਕਈ ਹਿੱਸੇ ਖਤਮ ਕਰ ਦਿੱਤੇ ਜਾਣਗੇ। ਅਸੀਂ ਇਸ ਬਾਰੇ ਸਲਾਹ ਮਸ਼ਵਰਾ ਕਰ ਰਹੇ ਹਾਂ।

ਮੰਗਲਵਾਰ ਨੂੰ ਹੀ ਐਨਡੀਪੀ ਆਗੂ ਐਂਡਰੀਆ ਹੋਰਵਥ ਨੇ ਆਖਿਆ ਕਿ ਫੋਰਡ ਦੀਆਂ ਤਾਜ਼ਾ ਟਿੱਪਣੀਆਂ ਤੋਂ ਇਹ ਸਮਝ ਨਹੀਂ ਆ ਰਿਹਾ ਕਿ ਸਰਕਾਰ ਲੇਬਰ ਰਿਫੌਰਮ ਲਾਅ ਨਾਲ ਕੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਇਸ ਬਿੱਲ ਨੂੰ ਖਤਮ ਕਰਨ ਨਾਲ ਪ੍ਰੋਵਿੰਸ ਭਰ ਵਿੱਚ ਕਾਮਿਆਂ ਦੀ ਜ਼ਿੰਦਗੀ ਹੋਰ ਜ਼ਿਆਦਾ ਅਸਥਿਰ ਹੋ ਜਾਵੇਗੀ।

# ਕੈਪਟਨ ਅਮਰਿੰਦਰ ਨੇ ਕਿਹਾ: ਚੰਡੀਗੜ੍ਹ ਉਤੇ ਸਿਰਫ਼ ਪੰਜਾਬ ਦਾ ਹੱਕ



ਐਸ ਏ ਐਸ ਨਗਰ (ਮੁਹਾਲੀ), 2 ਅਕਤੂਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਪਿੱਛੇ ਜਿਹੇ ਚੰਡੀਗੜ੍ਹ ਵਿੱਚ ਯੂ ਟੀ (ਯੂਨੀਅਨ ਟੈਰੀਟਰੀ) ਕਾਮਨ ਕਾਡਰ ਬਾਰੇ ਨੋਟੀਫਿਕੇਸ਼ਨ ਜਾਰੀ ਕਰਨ ਬਾਰੇ ਟਿੱਪਣੀ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਚੰਡੀਗੜ੍ਹ ਉੱਤੇ ਸਿਰਫ਼ ਪੰਜਾਬ ਦਾ ਹੱਕ ਹੈ। ਕੇਂਦਰ ਦੇ ਫੈਸਲੇ ਨਾਲ ਅਸਹਿਮਤੀ ਪ੍ਰਗਟਾਉਂਦੇ ਹੋਏ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪਹਿਲਾਂ ਹੀ ਪ੍ਰਧਾਨ ਮੰਤਰੀ ਨੂੰ ਇਸ ਨੋਟੀਫਿਕੇਸ਼ਨ ਉੱਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੋਈ ਹੈ ਤੇ ਇਸ ਵੀਰਵਾਰ ਨੂੰ ਨਵੀਂ ਦਿੱਲੀ ਵਿੱਚ ਪ੍ਰਧਾਨ ਮੰਤਰੀ ਨਾਲ ਹੋਣ ਵਾਲੀ ਉਨ੍ਹਾਂ ਦੀ ਮੀਟਿੰਗ ਵਿੱਚ ਇਸ ਮੁੱਦੇ ਉੱਤੇ ਇੱਕ ਵਾਰ ਫਿਰ ਚਰਚਾ ਕੀਤੀ ਜਾਵੇਗੀ।

ਇਸ ਸੰਬੰਧ ਵਿੱਚ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ 1966 ਵਿੱਚ ਪੰਜਾਬ ਤੇ ਹਰਿਆਣਾ ਦੀ ਵੰਡ ਸਮੇਂ ਮਿਥੇ ਗਏ 60:40 ਦੇ ਅਨੁਪਾਤ ਵਿੱਚ ਨਵੇਂ ਸਿਰੇ ਕਿਸੇ ਕਿਸਮ ਦਾ ਫੇਰ ਬਦਲ ਨਹੀਂ ਹੋਣ ਦਿੱਤਾ ਜਾਵੇਗਾ। ਇੱਕ ਸਵਾਲ ਦੇ ਜਵਾਬ ਵਿੱਚ ਅਮਰਿੰਦਰ ਸਿੰਘ ਨੇ ਕਿਹਾ ਕਿ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਕੇਸਾਂ ਦੇ ਸਬੰਧ ਵਿੱਚ ਵਿਸ਼ੇਸ਼ ਜਾਂਚ ਟੀਮ (ਸਿੱਟ) ਦੀ ਮੁਕੰਮਲ ਜਾਂਚ ਰਿਪੋਰਟ ਮਿਲ ਜਾਣ ਤੋਂ ਬਾਅਦ ਹੀ ਜ਼ਿੰਮੇਵਾਰ ਲੋਕਾਂ ਦੀਆਂ ਗ੍ਰਿਫ਼ਤਾਰੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਕੇਸਾਂ ਲਈ ਬਣਾਈ ਵਿਸ਼ੇਸ਼ ਜਾਂਚ ਟੀਮ (ਸਿੱਟ) ਉੱਤੇ ਕਿਸੇ ਵੀ ਕਿਸਮ ਦਾ ਦਬਾਅ ਨਹੀਂ ਪਾਇਆ ਜਾਵੇਗਾ।

ਵਿਦੇਸ਼ ਵਿੱਚ ਰਹਿੰਦੇ ਕੁਝ ਲੋਕਾਂ ਵੱਲੋਂ ਪੰਜਾਬ ਵਿੱਚ ਗੜਬੜ ਫੈਲਾਉਣ ਦੇ ਯਤਨਾਂ ਦਾ ਜਵਾਬ ਦਿੰਦੇ ਹੋਏ ਉਨ੍ਹਾਂ ਨੇ ਕਿਹਾ ਕਿ ਕੋਈ ਵਿਅਕਤੀ ਆਪਣੇ ਬੁਰੇ ਇਰਾਦਿਆਂ ਦੀ ਪੂਰਤੀ ਲਈ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣ ਦੀ ਕੋਸ਼ਿਸ਼ ਨਹੀਂ ਕਰ ਸਕਦਾ ਅਤੇ ਅਜਿਹੇ ਯਤਨਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਪੰਜਾਬ ਵਿੱਚ ਅਸਥਿਰਤਾ ਫੈਲਾਉਣ ਲਈ ਵਿਦੇਸ਼ ਤੋਂ ਕੁਝ ਪਾਰਟੀਆਂ ਨੂੰ ਆਏ ਫੰਡਾਂ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ ਦੀ ਸਰਕਾਰ ਪਹਿਲਾਂ ਹੀ ਇਨ੍ਹਾਂ ਦੋਸ਼ਾਂ ਦੀ ਜਾਂਚ ਕਰਵਾ ਰਹੀ ਹੈ ਤੇ ਵਿਦੇਸ਼ ਤੋਂ ਆਏ ਫੰਡਾਂ ਦੇ ਸਰੋਤਾਂ ਦੀ ਵੀ ਜਾਂਚ ਚੱਲ ਰਹੀ ਹੈ।









# ਬਰੇਡਨ ਸੀਨੀਅਰਜ਼ ਕਲੱਬ ਦੀ ਸਤਪਾਲ ਸਿੰਘ ਜੌਹਲ ਨੂੰ ਪੂਰਨ ਹਿਮਾਇਤ




ਬਰੈਂਪਟਨ, (ਹਰਚੰਦ ਸਿੰਘ ਬਾਸੀ)- ਬਰੈਂਪਟਨ ਦੇ ਵਾਰਡ 10 ਵਿੱਚ ਬਰੇਡਨ ਸੀਨੀਅਰਜ਼ ਕਲੱਬ ਦੀ ਕਾਰਜਕਾਰਨੀ ਅਤੇ ਮੈਂਬਰ ਸਾਹਿਬਾਨਾਂ ਦੀ ਬੀਤੇ ਸਨਿਚਰਵਾਰ ਨੂੰ ਚਿੰਕੂਜ਼ੀ ਪਾਰਕ ਵਿੱਚ ਲੰਚ ਮੌਕੇ ਪਰਿਵਾਰਕ ਇਕੱਤਰਤਾ ਹੋਈ। ਉਸ ਮੌਕੇ 'ਤੇ ਵਾਰਡ 9-10 ਤੋਂ ਸਕੂਲ ਟਰੱਸਟੀ ਉਮੀਦਵਾਰ ਸਤਪਾਲ ਸਿੰਘ ਜੌਹਲ ਨੂੰ ਪਹੁੰਚਣ ਲਈ ਵਿਸ਼ੇਸ਼ ਸੱਦਾ ਦਿੱਤਾ ਗਿਆ ਸੀ। ਕਲੱਬ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮਨਮੋਹਣ ਸਿੰਘ ਨੇ ਕਿਹਾ ਕਿ ਸਤਪਾਲ ਸਿੰਘ ਜੌਹਲ ਸਕੂਲਾਂ ਨਾਲ ਜੁੜੀਆਂ ਸਮੱਸਿਆਵਾਂ ਤੋਂ ਜਾਣੂੰ ਹਨ ਅਤੇ ਕਮਿਊਨਿਟੀ ਦੀਆਂ ਲੋੜਾਂ ਦੀ ਸਮਝ ਰੱਖਦੇ ਹਨ ਜਿਸ ਕਰਕੇ ਉਹ ਬਹੁਤ ਵਧੀਆ ਸਕੂਲ ਟਰੱਸਟੀ ਸਾਬਿਤ ਹੋ ਸਕਦੇ ਹਨ। ਕਲੱਬ ਦੇ ਸੀਨੀਅਰ ਆਗੂ ਤਾਰਾ ਸਿੰਘ ਗਰਚਾ ਨੇ ਆਖਿਆ ਕਿ ਕਮਿਊਨਿਟੀ ਨੂੰ ਸਮ੍ਰਪਿਤ ਅਤੇ ਮਿਹਨਤੀ ਸਕੂਲ ਟਰੱਸਟੀ ਦੀ ਲੋੜ ਹੈ ਅਤੇ ਅਜਿਹੇ ਕਈ ਗੁਣਾਂ ਉਪਰ ਸਤਪਾਲ ਸਿੰਘ ਜੌਹਲ ਲੰਬੇ ਸਮੇਂ ਤੋਂ ਖਰੇ ਉਤਰ ਰਹੇ ਹਨ। ਉਪਰੰਤ ਸਤਪਾਲ ਜੌਹਲ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਸਕੂਲ ਟਰੱਸਟੀ ਦੀ ਚੋਣ ਭਾਵੇਂ ਛੋਟੀ ਹੈ ਪਰ ਇਸ ਦੀ ਅਹਿਮੀਅਤ ਬਹੁਤ ਵੱਡੀ ਸਮਝੀ ਜਾਣੀ ਚਾਹੀਦੀ ਹੈ ਕਿਉਂਕਿ ਬੱਚਿਆ ਦਾ ਭਵਿੱਖ ਸਕੂਲ ਤੋਂ ਆਰੰਭ ਹੁੰਦਾ ਹੈ। ਉਨ੍ਹਾਂ ਆਖਿਆ ਕਿ ਡੋਰ-ਟੂ-ਡੋਰ ਕੰਪੇਨ ਦੌਰਾਨ ਕਮਿਊਨਿਟੀ ਮੈਂਬਰਾਂ ਦੇ ਵਿਚਾਰਾਂ ਨੂੰ ਸੰਜੀਦਗੀ ਨਾਲ ਸੁਣਿਆ ਹੈ ਅਤੇ ਸਾਰੇ ਸੁਝਾਵਾਂ ਨੂੰ ਗੰਭੀਰਤਾ ਨਾਲ਼ ਨੋਟ ਕਰ ਲਿਆ ਗਿਆ ਹੈ। ਸਾਰੇ ਪਰਿਵਾਰਾਂ ਨੇ ਇਕੱਠੇ ਹੋ ਕੇ ਲੰਚ ਦਾ ਆਨੰਦ ਮਾਣਿਆ ਅਤੇ ਉਥੇ ਕਵੀ ਹਰਚੰਦ ਸਿੰਘ ਬਾਸੀ ਨੇ ਆਪਣੇ ਵਿਚਾਰਾਂ ਤੇ ਰਚਨਾਵਾਂ ਨਾਲ ਮਾਹੌਲ ਨੂੰ ਰੌਚਕ ਕੀਤਾ। ਇਸ ਮੌਕੇ ਤੇ ਬਲਬੀਰ ਸਿੰਘ, ਗੁਰਦੇਵ ਸਿੱਧੂ, ਪੁਸ਼ਪ ਕੁਮਾਰ ਜੈਨ ਅਤੇ ਗੁਰਦੇਵ ਸਿੰਘ ਭੱਠਲ਼ ਆਦਿ ਸਮੇਤ ਅਨੇਕਾਂ ਮੈਂਬਰ ਵੀ ਹਾਜ਼ਿਰ ਸਨ।










# ਬਰੈਂਪਟਨ ਦੇ ਵਾਰਡ 10 ਦੇ ਵਾਸੀਆਂ ਵੱਲੋਂ ਢਿੱਲੋਂ, ਹਰਕੀਰਤ ਸਿੰਘ ਅਤੇ ਜੌਹਲ ਦੀ ਹਿਮਾਇਤ ਦਾ ਐਲਾਨ



ਬਰੈਂਪਟਨ (ਡਾ. ਝੰਡ) –ਵਾਰਡ 9-10 ਦੀ ਮਾਰੀਓ ਸਟਰੀਟ ਵਿੱਚ ਗੁਰਦੀਪ ਸਿੰਘ ਸ਼ਾਹਦਰਾ ਪਰਿਵਾਰ ਵਲੋਂ ਆਮ ਮਸਲੇ ਵਿਚਾਰਨ ਵਾਸਤੇ ਜੰਤਕ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ। ਮੀਟਿੰਗ ਵਿੱਚ ਮਹੱਲੇ ਦੇ ਲੋਕ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਅਤੇ ਰਿਜਨਲ ਕੌਂਸਲਰ ਦੇ ਉਮੀਦਵਾਰ ਗੁਰਪ੍ਰੀਤ ਢਿੱਲੋਂ, ਸਿਟੀ ਕੌਂਸਲਰ ਦੇ ਉਮੀਦਵਾਰ ਹਰਕੀਰਤ ਸਿੰਘ ਤੇ ਸਕੂਲ ਟਰੱਸਟੀ ਦੇ ਉਮੀਦਵਾਰ ਸਤਪਾਲ ਸਿੰਘ ਜੌਹਲ ਨੂੰ ਸੱਦਾ ਦਿੱਤਾ ਗਿਆ ਸੀ। ਇਸ ਮੌਕੇ 'ਤੇ ਕੁਲਬੀਰ ਸਿੰਘ ਸੰਧੂ ਵਲੋਂ ਮਿਊਂਸਪਲ ਚੋਣ ਪਰਕ੍ਰਿਆ ਅਤੇ ਅਹਿਮੀਅਤ ਬਾਰੇ ਦੱਸਿਆ ਗਿਆ ਕਿਉਂਕਿ ਇਨ੍ਹਾਂ ਚੋਣਾਂ ਨਾਲ ਲੋਕਲ ਪੱਧਰ 'ਤੇ ਲੋਕਾਂ ਦੀਆਂ ਮੁਸ਼ਕਿਲਾਂ ਦੇ ਹੱਲ ਦਾ ਰਾਹ ਖੁੱਲ੍ਹ ਸਕਦਾ ਹੈ।

ਮੀਟਿੰਗ ਵਿਚ ਗੁਰਪ੍ਰੀਤ ਢਿੱਲੋਂ ਨੇ ਸਿਟੀ ਦੇ ਖਜ਼ਾਨੇ ਦੀ ਹਾਲਤ ਬਾਰੇ ਦੱਸਿਆ ਅਤੇ ਕਿਹਾ ਕਿ ਬਰੈਂਪਟਨ ਵਿੱਚ ਘਰਾਂ ਦੀ ਉਸਾਰੀ ਘੱਟ ਪਰ ਬਿਜ਼ਨਸ ਨੂੰ ਵੱਧ ਉਤਸ਼ਾਹਿਤ ਕਰਨ ਦੀ ਲੋੜ ਹੈ। ਹਰਕੀਰਤ ਸਿੰਘ ਅਤੇ ਸਤਪਾਲ ਸਿੰਘ ਜੌਹਲ ਨੇ ਸਕੂਲਾਂ ਨਾਲ ਸਬੰਧਿਤ ਮਸਲਿਆਂ ਬਾਰੇ ਵਿਸਥਾਰ ਵਿੱਚ ਗੱਲ ਕੀਤੀ। ਸਤਪਾਲ ਸਿੰਘ ਜੌਹਲ ਨੇ ਦੱਸਿਆ ਕਿ ਬੀਤੇ 5 ਮਹੀਨਿਆਂ ਦੀ ਕੰਪੇਨ ਦੌਰਾਨ ਜੋ ਮਸਲੇ ਲੋਕਾਂ ਨੇ ਉਠਾਏ ਹਨ ਉਨ੍ਹਾਂ ਉੱਪਰ ਸੰਜੀਦਗੀ ਨਾਲ ਕੰਮ ਕਰਨ ਦਾ ਮਨ ਬਣਾਇਆ ਹੋਇਆ ਹੈ। ਇਸ ਮੌਕੇ ਗੁਰਪ੍ਰੀਤ ਢਿੱਲੋਂ, ਹਰਕੀਰਤ ਸਿੰਘ ਅਤੇ ਸਤਪਾਲ ਸਿੰਘ ਜੌਹਲ ਦੇ ਹੱਕ ਵਿੱਚ ਚੋਣ ਪ੍ਰਚਾਰ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਹੋਰਨਾਂ ਦੇ ਨਾਲ਼ ਸੁਰਿੰਦਰ ਮਾਵੀ, ਪਾਲ ਬਡਵਾਲ, ਬਿਕਰਮਜੀਤ ਢਿੱਲੋਂ, ਹਰਿੰਦਰ ਸੋਮਲ, ਗੁਰਦੀਪ ਸਿੰਘ, ਸਤਨਾਮ ਢਿੱਲੋਂ, ਜਸਬੀਰ ਸੰਧੂ, ਹਰਪ੍ਰੀਤ ਰੱਖੜਾ, ਹਰਜੀਤ ਸਿੰਘ ਮੇਹਲੋਂ, ਅਤੇ ਹਰਜੀਤ ਸਿੰਘ ਬਾਜਵਾ ਵੀ ਹਾਜ਼ਿਰ ਸਨ।

## ਸੀਨੀਅਰਜ਼ ਐਸੋਸ਼ੀਏਸ਼ਨ ਦੇ ਡੈਪੂਟੇਸ਼ਨ ਦੀ ਐੱਮ ਪੀ ਰੂਬੀ ਸਹੋਤਾ ਨਾਲ ਮੀਟਿੰਗ



(ਹਰਜੀਤ ਬੇਦੀ): ਜਨਰਲ ਬਾਡੀ ਮੀਟਿੰਗ ਵਿੱਚ ਉਲੀਕੇ ਪਰੋਗਰਾਮ ਮੁਤਾਬਕ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ ਆਫ ਬਰੈਂਪਟਨ ਦਾ ਛੇ ਮੈਂਬਰੀ ਵਫਦ ਪਰਮਜੀਤ ਬੜਿੰਗ ਦੀ ਅਗਵਾਈ ਵਿੱਚ ਐਮ ਪੀ ਰੂਬੀ ਸਹੋਤਾ ਨੂੰ ਸੀਨੀਅਰਜ਼ ਦੀਆਂ ਫੈਡਰਲ ਸਰਕਾਰ ਨਾਲ ਸਬੰਧਤ ਮੰਗਾਂ ਬਾਰੇ ਮਿਲਿਆ। ਉਹਨਾਂ ਨਾਲ ਬਲਵਿੰਦਰ ਬਰਾੜ, ਪ੍ਰੋ: ਨਿਰਮਲ ਧਾਰਨੀ, ਦੇਵ ਸੂਦ, ਪਿੰ: ਜਗਜੀਤ ਗਰੇਵਾਲ ਅਤੇ ਕਰਤਾਰ ਚਾਹਲ ਇਸ ਡੈਪੂਟੇਸ਼ਨ ਵਿੱਚ ਸ਼ਾਮਲ ਸਨ। ਇਸ ਮੀਟਿੰਗ ਵਿੱਚ ਇਸ ਅਹਿਮ ਮੰਗ ਬਾਰੇ ਕਿ ਜਿਹੜੇ ਸੀਨੀਅਰਜ਼ 65 ਸਾਲ ਜਾ ਵੱਧ ਦੇ ਹੋ ਜਾਂਦੇ ਹਨ ਪਰ ਉਹਨਾਂ ਦੀ ਕਨੇਡਾ ਵਿੱਚ ਠਹਿਰ 10 ਸਾਲ ਦੀ ਨਹੀਂ ਬਣਦੀ ਨੂੰ ਘੱਟੋ ਘੱਟ 500 ਡਾਲਰ ਮਹੀਨਾ ਗੁਜਾਰਾ ਭੱਤਾ ਦਿੱਤਾ ਜਾਵੇ ਬਾਰੇ ਆਪਣੀ ਸਹਿਮਤੀ ਪਰਗਟ ਕੀਤੀ। ਉਸ ਵਲੋਂ ਇਹ ਸੂਵਨਾ ਵੀ ਦਿੱਤੀ ਗਈ ਕਿ ਫੈਡਰਲ ਸਰਕਾਰ ਵਿੱਚ ਸੀਨੀਅਰਜ਼ ਲਈ ਇੱਕ ਮਨਿਸਟਰੀ ਸਥਾਪਤ ਕੀਤੀ ਜਾ ਚੁੱਕੀ ਹੈ ਜੋ ਸੀਨੀਅਰਜ਼ ਦੀ ਭਲਾਈ ਲਈ ਕੰਮ ਕਰੇਗੀ। ਵਫਦ ਨੇ ਦੂਜੀ ਮੰਗ ਹੈ ਕਿ ਬਦੇਸ਼ੀ ਪਰਾਪਰਟੀ ਦੀ ਹੱਦ 1 ਲੱਖ ਤੋਂ ਵਧਾ ਕੇ ਘੱਟੋ ਘੱਟ 1 ਮਿਲੀਅਨ ਕੀਤੀ ਜਾਵੇ ਕਿਉਂਕਿ ਇਹ ਸੀਮਾ ਬਹੁਤ ਸਮੇਂ ਤੋਂ ਹੈ ਜਦਕਿ ਹੁਣ ਪਰਾਪਰਟੀ ਦੀਆਂ ਕੀਮਤਾਂ ਬਹੁਤ ਵਧ ਚੁੱਕੀਆਂ ਹਨ। ਇਸੇ ਤਰ੍ਹਾਂ ਗਰੀਬੀ ਰੇਖਾ ਦੀ 2480 ਡਾਲਰ ਦੀ ਹੱਦ ਕਈ ਦਹਾਕੇ ਪਹਿਲਾਂ ਦੀ ਮਿਥੀ ਹੋਈ ਹੈ ਹੁਣ ਜਦ ਜੀਵਨ ਨਿਰਬਾਹ ਲਈ ਖਰਚੇ ਬਹੁਤ ਜਿਆਦਾ ਵਧ ਗਏ ਹਨ ਤਾਂ ਇਹ ਹੱਦ ਵਿੱਚ ਲਾਜ਼ਮੀ ਤੌਰ ਤੇ ਵਾਧਾਂ ਕੀਤਾ ਜਾਵੇ।

ਇਸ ਦੇ ਨਾਲ ਹੀ ਦੰਦਾ ਦੀ ਸਿਹਤ ਸੰਭਾਲ ਲਈ ਗੱਲਬਾਤ ਕਰਦੇ ਹੋਏ ਸ੍ਰੀਮਤੀ ਸਹੋਤਾ ਨੇ ਦੱਸਿਆ ਕਿ ਪਰੋਵਿੰਸਲ ਸਰਕਾਰ ਵਲੋਂ ਦੰਦਾ ਦੇ ਇਲਾਜ ਲਈ ਕੀਤੇ ਖਰਚੇ ਲਈ ਆਪਣਾ ਹਿੱਸਾ ਪਾਉਣ ਨੂੰ ਫੈਡਰਲ ਸਰਕਾਰ ਤਿਆਰ ਹੈ। ਇਸ ਦੇ ਨਾਲ ਹੀ ਇਹ ਮੰਗ ਕੀਤੀ ਗਈ ਕਿ ਇੰਡੀਆ ਵਿੱਚਲੀ ਇਨਕਮ ਨੂੰ ਕਨੇਡਾ ਦੀ ਰਿਟਰਨ ਵਿੱਚ ਨਾ ਭਰਿਆ ਜਾਵੇ ਜਿੰਨਾਂ ਚਿਰ ਇਹ ਰਾਸ਼ੀ ਕਨੇਡਾ ਨਾ ਲਿਆਂਦੀ ਜਾਵੇ। ਇਸੇ ਤਰ੍ਹਾਂ ਰਿਟਾਇਰਮੈਂਟ ਹੋਣ ਤੋਂ ਬਾਅਦ ਕੰਮ ਕਰਨ ਲਈ ਸਿਰਫ 3500 ਡਾਲਰਾ ਦੀ ਰਿਬੇਟ ਹੈ ਜਦੋਂ ਕਿ ਵਧੇ ਹੋਏ ਖਰਚਿਆਂ ਕਰ ਕੇ ਇਹ ਰਿਬੇਟ ਬਹੁਤ ਘੱਟ ਹੈ ਅਤੇ ਜੇ ਕੋਈ ਵਿਅਕਤੀ ਹਫਤੇ ਵਿੱਚ ਇਕ ਦਿਨ ਵੀ ਕੰਮ ਕਰੇ ਤਾਂ 3500 ਤੋਂ ਜਿਆਦਾ ਆਮਦਨ ਹੋ ਜਾਂਦੀ ਹੈ।

ਐਸੋਸੀਏਸ਼ਨ ਦੀ ਇਸ ਮੰਗ ਤੇ ਕਿ ਪੀ ਆਰ 5 ਸਾਲ ਦੀ ਥਾਂ ਤੇ 10 ਸਾਲ ਬਾਦ ਰੀਨਿਊ ਹੋਣੀ ਚਾਹੀਦੀ ਹੈ ਤੇ ਰੂਬੀ ਸਹੋਤਾ ਨੇ ਕਿਹਾ ਕਿ ਸੀਨੀਅਰਜ਼ ਨੂੰ ਸਿਟੀਜਨਸ਼ਿੱਪ ਲੈਣੀ ਚਾਹੀਦੀ ਹੈ ਤਾਂ ਜੋ ਉਹ ਇਸ ਚੱਕਰ ਤੋਂ ਮੁਕਤ ਹੋ ਜਾਣ। ਉਸ ਨੇ ਇਹ ਵੀ ਕਿਹਾ ਕਿ ਪੰਜ ਸਾਲ ਬਾਦ ਰੀਨਿਊਲ ਇਸ ਲਈ ਜਰੂਰੀ ਹੈ ਕਿ ਅਜਿਹਾ ਪੀ ਆਰ ਵਿਅਕਤੀਆਂ ਬਾਰੇ ਇਹ ਚੈਕ ਕਰਨਾ ਜਰੂਰੀ ਹੈ ਕਿ ਉਨ੍ਹਾ ਨੇ 730 ਦਿਨਾਂ ਦੀ ਠਹਿਰ ਪੂਰੀ ਕੀਤੀ ਹੈ ਕਿ ਨਹੀਂ। ਐਸੋਸੀਏਸ਼ਨ ਨੇ ਓਲਡ ਏਜ ਸਕਿਊਰਿਟੀ ਅਤੇ ਜੀ ਆਈ ਐਸ ਵਧਾਉਣ ਤੇ ਜੋਰ ਦਿੱਤਾ। ਰੂਬੀ ਸਹੋਤਾ ਇਸ ਮੰਗ ਨਾਲ ਸਹਿਮਤ ਹੁੰਦੇ ਕਿਹਾ ਕਿ ਇਸ ਲਈ ਅਸੀਂ ਕੋਸ਼ਿਸ਼ ਕਰ ਰਹੇ ਹਾਂ ਤੇ ਬਹੁਤ ਸਾਰੇ ਐਮ ਪੀ ਇਸ ਲਈ ਸਹਿਮਤ ਹਨ। ਐਸੋਸੀਏਸ਼ਨ ਦੀ ਇਹ ਮੰਗ ਕਿ ਜਿਹਨਾਂ ਮਾਪਿਆਂ ਦੇ ਸਾਰੇ ਬੱਚੇ ਕਨੇਡਾ ਆ ਚੁੱਕੇ ਹਨ ਉਹਨਾਂ ਨੂੰ ਜਲਦੀ ਪਰਮੁੱਖਤਾ ਦੇ ਆਧਾਂਰ ਤੇ ਜਲਦੀ ਪੀ ਆਰ ਦਿੱਤੀ ਜਾਵੇ ਦੇ ਜਵਾਬ ਵਿੱਚ ਸ੍ਰੀਮਤੀ ਸਹੋਤਾ ਨੇ ਅਸਹਿਮਤੀ ਪਰਗਟ ਕਰਦੇ ਕਿਹਾ ਕਿ ਸਰਕਾਰ ਨੇ ਮਾਪਿਆਂ ਲਈ ਸਾਲਾਨਾ ਕੋਟਾ ਵਧਾ ਕੇ 20 ਹਜ਼ਾਰ ਕਰ ਦਿੱਤਾ ਹੈ ਤੇ ਇਸ ਨਾਲ ਇਹ ਮੁਸ਼ਕਿਲ ਕਾਫੀ ਹੱਦ ਤੱਕ ਹੱਲ ਹੋ ਜਾਵੇਗੀ।

ਕਿਉਂਕਿ ਅਕਤੂਬਰ ਮਹੀਨੇ ਵਿੱਚ ਬਹੁਤ ਸਾਰੇ ਸੀਨੀਅਰਜ਼ ਇੰਡੀਆ ਜਾਣਾ ਸ਼ੁਰੂ ਕਰ ਦਿੰਦੇ ਹਨ ਇਸ ਲਈ ਅਗਲੀ ਜਨਰਲ ਬਾਡੀ ਮੀਟਿੰਗ ਅਕਤੂਬਰ ਦੇ ਪਹਿਲੇ ਵੀਰਵਾਰ 4 ਤਰੀਕ ਨੂੰ ਪਹਿਲਾਂ ਵਾਲੀ ਥਾ ਤੇ ਹੀ ਹੋਵੇਗੀ। ਕਾਰਜਕਰਣੀ ਮੈਂਬਰ ਆਪਣੀ ਸਰਗਰਮੀ ਆਮ ਵਾਂਗ ਹੀ ਜਾਰੀ ਰੱਖਣਗੇ। ਐਸੋਸੀਏਸ਼ਨ ਸਬੰਧੀ ਕਿਸੇ ਵੀ ਜਾਣਕਾਰੀ ਲਈ ਪਰਮਜੀਤ ਬੜਿੰਗ 647-963-0331, ਬਲਵਿੰਦਰ ਬਰਾੜ647-262-4026, ਪ੍ਰੋ: ਨਿਰਮਲ ਧਾਰਨੀ 416-670-5874, ਕਰਤਾਰ ਚਾਹਲ 647-854-8746, ਦੇਵ ਸੂਦ 416-533-0722 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਰੈੱਡ ਵਿੱਲੋ ਕਲੱਬ ਵੱਲੋਂ ਭਾਰਤ ਜਾ ਰਹੇ ਮੈਂਬਰਾਂ ਨੂੰ ਵਿਦਾਇਗੀ ਪਾਰਟੀ





(ਹਰਜੀਤ ਬੇਦੀ): ਰੈੱਡ ਵਿੱਲੋ ਸੀਨੀਅਰਜ਼ ਕਲੱਬ ਬਰੈਂਪਟਨ ਵਲੋਂ ਪਿਛਲੇ ਸੱਤ ਸਾਲਾਂ ਤੋਂ ਚੱਲਦੀ ਆ ਰਹੀ ਪਰੰਪਰਾ ਨੂੰ ਜਾਰੀ ਰਖਦੇ ਹੋਏ ਇੰਡੀਆ ਜਾ ਰਹੇ ਕਲੱਬ ਮੈਂਬਰਾਂ ਨੂੰ ਸ਼ੁਭ ਇਛਾਵਾਂ ਭੇਟ ਕਰਦੇ ਹੋਏ ਕਾਲਡਰਸਟੋਨ ਪਾਰਕ ਵਿੱਚ ਵਿਦਾਇਗੀ ਪਾਰਟੀ 29 ਸਤੰਬਰ 2018 ਨੂੰ ਕੀਤੀ ਗਈ। ਸਭ ਤੋਂ ਪਹਿਲਾਂ ਕਲੱਬ ਦੇ ਪਰਧਾਨ ਗੁਰਨਾਮ ਸਿੰਘ ਗਿੱਲ ਨੇ ਆਏ ਹੋਏ ਮੈਂਬਰਾਂ ਅਤੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਇਸ ਉਪਰੰਤ ਪਿਛਲੇ ਦਿਨੀ ਕਲੱਬ ਮੈਂਬਰ ਹਰਬਖਸ ਪਵਨ ਦੇ ਨੌਜਵਾਨ ਬੇਟੇ ਦੇ ਅਚਾਨਕ ਸਦੀਵੀ ਵਿਛੋੜੇ ਕਾਰਨ ਦੋ ਮਿੰਟ ਖੜੇ ਹੋ ਕੇ ਮੌਨ ਧਾਰਨ ਕਰ ਕੇ ਸ਼ਰਧਾਜਲੀ ਭੇਟ ਕੀਤੀ।

ਇਸ ਉਪਰੰਤ ਸਟੇਜ ਦੀ ਕਾਰਵਾਈ ਦੌਰਾਨ ਐਚ ਐਸ ਮਿਨ-ਹਾਸ ਨੇ ਇੰਡੀਆ ਦੇ ਮੌਜੂਦਾ ਹਾਲਤ ਬਾਰੇ ਦਸਦੇ ਹੋਏ ਬਹੁਤ ਸਾਰੀਆਂ ਗੱਲਾਂ ਤੋਂ ਸੁਚੇਤ ਰਹਿਣ ਲਈ ਵਿਚਾਰ ਪੇਸ਼ ਕੀਤੇ। ਨਿਰਮਲਾ ਪਰ਼ਾਰ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਫੈਲਾਈ ਰੋਸ਼ਨੀ ਬਾਰੇ, ਭਾਗੂ ਭਾਈ ਲੈਂਡ ਨੇ "ਮੱਤ ਕਰ ਤੂੰ ਅਭਿਮਾਨ" ਅਤੇ ਪਰਮਜੀਤ ਸੰਘੇੜਾ ਨੇ ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਗੀਤ "ਜੰਗਲਾਂ ਦੇ ਰੁੱਖ ਬੋਲਦੇ ਕਿੱਥੇ ਚੱਲੀਆਂ ਨੇ ਤੱਤੀਆਂ ਹਵਾਵਾਂ" ਗੀਤ ਪੇਸ਼ ਕੀਤੇ। ਇਸ ਤੋਂ ਬਿਨਾਂ ਬੀਬੀ ਕਮਲ ਇੰਦਰ, ਇਕਬਾਲ ਕੌਰ ਨੇ ਸਮਾਜਿਕ ਗੀਤ ਅਤੇ ਅਜਮੇਰ ਪਰਦੇਸੀ ਨੇ ਰਾਜਨੀਤਕ ਵਿਅੰਗ ਭਰਪੂਰ ਗੀਤ ਅਤੇ ਸ਼ਹੀਦ ਭਗਤ ਸਿੰਘ ਬਾਰੇ ਬਹੁਤ ਹੀ ਭਾਵਪੂਰਤ ਗੀਤ ਪੇਸ਼ ਕੀਤਾ। ਪਰਮਜੀਤ ਬੜਿੰਗ ਨੇ ਇੰਡੀਆ ਜਾ ਕੇ ਸਫਰ ਕਰਦੇ ਸਮੇਂ, ਪੈਸਿਆਂ ਦਾ ਲੈਣ ਦੇਣ ਅਤੇ ਖਾਣ-ਪੀਣ ਦੀਆਂ ਵਸਤਾਂ ਬਾਰੇ ਸੁਚੇਤ ਰਹਿਣ ਲਈ ਜਾਣਕਾਰੀ ਦਿੱਤੀ।

ਚੋਣਾਂ ਦਾ ਮੌਸਮ ਹੋਣ ਕਾਰਣ ਬਹੁਤ ਸਾਰੇ ਉਮੀਦਵਾਰ ਜਿੰਨ੍ਹਾ ਵਿੱਚ ਮੇਅਰ ਲਈ ਲਿੰਡਾ ਜਾਫਰੀ ਅਤੇ ਪੈਟਰਿਕ ਬਰਾਊਨ, ਵਾਰਡ 7-8 ਤੋਂ ਸਕੂਲ ਟਰੱਸਟੀ ਲਈ ਜਸ਼ਨ ਸਿੰਘ, ਕਾਊਂਸਲਰ ਲਈ ਮਾਰਟਿਨ ਸਿੰਘ ਅਤੇ ਹਰਵੀਨ ਧਾਲੀਵਾਲ ਅਤੇ ਰੀਜਨਲ ਕਾਊਂਸਲਰ ਲਈ ਪੈਟ ਫੋਰਟੀਨੀ ਸਨ ਨੇ ਵੀ ਇਸ ਪਾਰਟੀ ਸਮੇਂ ਸੀਨੀਅਰਜ਼ ਦੇ ਸਰੋਕਾਰਾਂ ਦੀ ਗੱਲ ਕਰਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ। ਕਲੱਬ ਵਲੋਂ ਸਾਰਿਆਂ ਦੇ ਵਿਚਾਰ ਸੁਣੇ ਗਏ। ਕਿਉਂਕਿ ਕਲੱਬ ਵਿੱਚ ਵੱਖ ਵੱਖ ਵਿਚਾਰਾਂ ਦੇ ਮੈਂਬਰ ਹੁੰਦੇ ਹਨ ਅਤੇ ਵੋਟ ਦਾ ਅਧਿਕਾਰ ਹਰ ਇੱਕ ਦਾ ਆਪਣਾ ਨਿਜੀ ਹੁੰਦਾ ਹੈ ਇਸ ਲਈ ਕਲੱਬ ਵਲੋਂ ਕਿਸੇ ਇੱਕ ਉਮੀਦਵਾਰ ਦੀ ਹਮਾਇਤ ਨਹੀਂ ਕੀਤੀ ਗਈ। ਇਹ ਫੈਸਲਾ ਮੈਂਬਰਾਂ ਲਈ ਖੁੱਲ੍ਹਾ ਛੱਡ ਦਿੱਤਾ ਗਿਆ ਕਿ ਉਹ ਆਪਣੀ ਮਰਜ਼ੀ ਮੁਤਾਬਕ ਕਿਸੇ ਦੀ ਵੀ ਮੱਦਦ ਕਰ ਸਕਦੇ ਹਨ।

ਸਟੇਜ ਚਲਾ ਰਹੇ ਪਰਮਜੀਤ ਬੜਿੰਗ ਨੇ ਕਲੱਬ ਵਲੋਂ 7 ਅਕਤੂਬਰ ਨੂੰ ਮਿਲਟਨ ਜਾ ਰਹੇ ਟੂਰ, 30 ਤਰੀਕ ਦੀ ਪੈਨਸ਼ਨਰ ਐਸੋਸੀਏਸ਼ਨ ਦੀ ਮੀਟਿੰਗ ਅਤੇ ਤਰਕਸ਼ੀਲ ਸੁਸਾਇਟੀ ਦੇ" ਵਾਅਕ ਐਂਡ ਰਨ ਫਾਰ ਐਜੁਕੇਸ਼ਨ" ਬਾਰੇ ਸੂਚਨਾਵਾਂ ਸਾਂਝੀਆਂ ਕੀਤੀਆਂ। ਉਹਨਾਂ ਕਲੱਬ ਮੈਂਬਰਾਂ ਨੂੰ ਇਹ ਜਾਣਕਾਰੀ ਦਿੱਤੀ ਕਿ ਅਗਲੇ ਸੈਸ਼ਨ ਲਈ ਕਾਡਰਸਟੋਨ ਸਕੂਲ 4 ਦਿਨ ਲਈ ਅਤੇ ਰੈਂਡ ਵਿੱਲੋ ਸਕੂਲ ( ਔਰਤਾਂ ਮੈਂਬਰਾਂ ਲਈ) ਦੋ ਦਿਨ ਲਈ ਸ਼ਾਮ 4 ਵਜੇ ਤੋਂ 6 ਵਜੇ ਤੱਕ ਬੁੱਕ ਹੋ ਚੁੱਕੇ ਹਨ। ਉਹਨਾਂ ਮੈਂਬਰਾਂ ਨੂੰ ਇਹ ਸਲਾਹ ਦਿੱਤੀ ਕਿ ਆਉਣ ਵਾਲੇ ਠੰਢੇ ਮੌਸਮ ਵਿੱਚ ਇਸ ਸਹੂਲਤ ਦਾ ਲਾਭ ਉਠਾਉਣ। ਇਸ ਪਾਰਟੀ ਮੌਕੇ ਚਾਹ ਪਾਣੀ ਅਤੇ ਲੰਗਰ ਦੀ ਸੇਵਾ ਮਹਿੰਦਰ ਕੌਰ ਪੱਡਾ, ਚਰਨਜੀਤ ਰਾਏ, ਪਰਕਾਸ਼ ਕੌਰ, ਨਿਰਮਲਾ ਪਰਾਸ਼ਰ ਅਤੇ ਸਾਥਣਾਂ ਨੇ ਨਿਭਾਈ। ਇਹਨਾਂ ਤੋਂ ਬਿਨਾਂ ਪਰੋਗਰਾਮ ਦੀ ਤਿਆਰੀ ਵਿੱਚ ਅਮਰਜੀਤ ਸਿੰਘ ਉਪ-ਪਰਧਾਨ, ਜੋਗਿੰਦਰ ਸਿੰਘ ਪੱਡਾ, ਬਲਵੰਤ ਕਲੇਰ, ਇੰਦਰਜੀਤ ਸਿੰਘ ਗਰੇਵਾਲ ਅਤੇ ਸ਼ਿਵਦੇਵ ਸਿੰਘ ਰਾਏ ਨੇ ਯੋਗਦਾਨ ਪਾਇਆ। ਸਾਰੇ ਮੈਂਬਰਾਂ ਅਤੇ ਵਾਲੰਟੀਅਰਾਂ ਦੇ ਸਹਿਯੋਗ ਨਾਲ ਇਹ ਪਰੋਗਰਾਮ ਪੂਰੀ ਸਫਲਤਾ ਨਾਲ ਨੇਪਰੇ ਚੜ੍ਹਿਆ। ਕਲੱਬ ਸਬੰਧੀ ਕਿਸੇ ਵੀ ਪਰਕਾਰ ਦੀ ਜਾਣਕਾਰੀ ਲਈ ਗੁਰਨਾਮ ਸਿੰਘ ਗਿੱਲ 416-908-1300, ਜਨਰਲ ਸਕੱਤਰ ਕੁਲਵੰਤ ਸਿੰਘ 647-202-7696, ਅਮਰਜੀਤ ਸਿੰਘ 418-268-6821,ਪਰਮਜੀਤ ਬੜਿੰਗ 647-963-0331 ਜਾਂ ਸੁਖਦੇਵ ਸਿੰਘ ਰਾਏ 647-643-6396 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਇੰਡੋਨੇਸ਼ੀਆ ਵਿਖੇ ਸਥਾਪਿਤ ਤਿੰਨੋ ਗੁਰਦੁਆਰਾ ਸਾਹਿਬ ਸੁਰੱਖਿਆ

### ਟੀ ਸੁਨਾਮੀ ਕਾਫੀ ਦੂਰ ਆਈ

ਆਕਲੈਂਡ, 2 ਅਕਤੂਬਰ (ਹਰਜਿੰਦਰ ਸਿੰਘ ਬਸਿਆਲਾ)-ਇੰਡੋਨੇਸ਼ੀਆ ਦੀ ਰਾਜਧਾਨੀ ਜਕਾਰਤਾ ਵਿਖੇ ਇਸ ਵੇਲੇ ਤਿੰਨ ਗੁਰਦੁਆਰਾ ਸਾਹਿਬ ਸਥਾਪਿਤ ਹਨ। ਜਿਨ੍ਹਾਂ ਵਿਚ ਗੁਰਦੁਆਰਾ ਪਾਸਰ ਬਾਰੂ, ਗੁਰਦੁਆਰਾ ਜਾਇਆ-ਸਨ ਤੰਨਯੰਗ ਪਰੀਓਕ ਅਤੇ ਗੁਰਦ-ਆਰਾ ਸਲਾਤਨ ਹੈ। ਇਹ ਤਿੰਨੋ ਗੁਰਦੁਆਰਾ ਸਾਹਿਬ ਜਕਾਰਤਾ ਵਿਖੇ ਹੀ ਪੈਂਦ ਹਨ। ਬੀਤੇ ਕੱਲ੍ਹ ਆਈ ਟੀ ਸੁਨਾਮੀ ਅਤੇ ਭੁਚਾਲ (7.5) ਇਥੋਂ ਕਾਫੀ ਦੂਰ ਸੂਲਾਵਸੀ ਵਿਖੇ ਆਈ ਸੀ ਜਿਸ ਕਰਕੇ ਤਿੰਨੋ ਗੁਰਦੁਆਰਾ ਸਾਹਿਬ ਸਹੀ ਸਲਾਮਤ ਹੈ। ਗਿਆਨੀ ਜਗਮੀਤ ਸਿੰਘ ਤੇ ਭਾਈ ਬਚਿਤਰ ਸਿੰਘ ਨੇ ਗੁਰਦੁਆਰਾ ਪਾਸਰ ਬਾਰੂ ਤੋਂ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਥੇ 700 ਤੋਂ 00 ਦੇ ਕਰੀਬ ਸਿੱਖ ਪਰਿਵਾਰ ਹਨ। ਸਿੰਧੀ ਲੋਕਾਂ ਦੇ ਵੀ 1500 ਦੇ ਕਰੀਬ ਪਰਿਵਾਰ ਹਨ। ਗੁਰਦੁਆਰਾ ਪਾਸਰ ਬਾਰੂ ਸੰਗਤਾਂ ਵਾਸਤੇ ਸੈਂਟਰਲ ਸਥਾਨ ਹੈ ਇਥੇ ਰੋਜ਼ਾਨਾ ਆਸਾ ਦੀ ਵਾਰ ਦਾ ਕੀਰਤਨ, ਹਰ ਰੋਜ਼ ਲੰਗਰ ਤਿਆਰ ਹੁੰਦਾ ਹੈ। ਹਫਤਾਵਾਰੀ ਐਤਵਾਰ ਸਵੇਰੇ ਹੁੰਦਾ ਹੈ। ਇਹ ਗੁਰਦੁਆਰਾ ਸਾਹਿਬ 62 ਸਾਲ ਦੇ ਕਰੀਬ ਪੁਰਾਣਾ ਹੈ। ਸੈਰ ਸਪਾਟੇ ਵਾਲੇ ਲੋਕ ਇਥੇ ਅਕਸਰ ਮੱਥਾ ਟੇਕਣ ਆਉਂਦੇ ਹਨ ਅਤੇ ਗੁਰੂ ਕਾ ਲੰਗਰ ਛਕ ਕੇ ਜਾਂਦੇ ਹਨ। ਇੰਡੋਨੇਸ਼ੀਆ ਦੇ ਵਿਚ ਹੋਰ ਥਾਵਾਂ ਜਿਵੇਂ ਮਿਡਾਨ ਵਿਖੇ ਵੀ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਸਥਾਪਿਤ ਹਨ ਕੁੱਲ ਮਿਲਾ ਕੇ 9-10 ਗੁਰਦੁ-ਆਰਾ ਸਾਹਿਬ ਇਥੇ ਸਥਾਪਿਤ ਹਨ। ਇਥੇ ਵੀ ਪੰਜਾਬੀਆਂ ਦੀ ਤੀਜੀ ਪੀੜ੍ਹੀ ਚੱਲ ਰਹੀ ਹੈ।

## ਤੇਰਵੇਂ ਪੰਜਾਬੀ ਲਿਖਾਈ ਮੁਕਾਬਲੇ 28 ਅਕਤੂਬਰ ਨੂੰ

ਬਰੈਂਪਟਨ, (ਡਾ. ਝੰਡ) –ਗੁਰਨਾਮ ਸਿੰਘ ਢਿੱਲੋਂ ਤੋਂ ਪ੍ਰਾਪਤ ਸੂਚਨਾ ਅਨੁਸਾਰ ਮਾਂ-ਬੋਲੀ ਪੰਜਾਬੀ ਨੂੰ ਪਿਆਰ ਕਰਨ ਵਾਲਿਆਂ ਲਈ ਇਹ ਖੁਸ਼ਖਬਰੀ ਹੈ ਕਿ ਕਨੇਡਾ ਦੇ ਜੰਮਪਲ ਅਤੇ ਕਨੇਡਾ ਵਿੱਚ ਰਹਿ ਰਹੇ ਬੱਚਿਆਂ ਅਤੇ ਬਾਲਗਾਂ ਨੂੰ ਆਪਣੀ ਮਾਂ-ਬੋਲੀ ਨਾਲ ਜੋੜੀ ਰੱਖਣ ਲਈ ਪੰਜਾਬ ਚੈਰਿਟੀ, ਪੀ. ਐਸ. ਏ. ਲਿੰਕਨ ਅਤੇ ਹੋਰ ਸਹਿਯੋਗੀ ਸੰਸਥਾਵਾਂ ਵੱਲੋਂ ਆਪਣੀ ਪਿਛਲੀ ਪਰੰਪਰਾ ਨੂੰ ਜਾਰੀ ਰੱਖਦੇ ਹੋਏ ਇਸ ਵਾਰ ਤੇਰਵੇਂ ਪੰਜਾਬੀ ਲਿਖਾਈ ਮੁਕਾਬਲੇ 28 ਅਕਤੂਬਰ ਦਿਨ ਐਤਵਾਰ ਨੂੰ ਲਿੰਕਨ ਅਲੈਂਗਜ਼ੈਂਡਰ ਸਕੂਲ 3545, ਮੌਰਨਿੰਗ ਸਟਾਰ ਡਰਾਈਵ, ਮਾਲਟਨ ਵਿਖੇ ਬਾਅਦ ਦੁਪਹਿਰ 1:30 ਤੋਂ 4:30 ਵਜੇ ਤੱਕ ਕਰਵਾਏ ਜਾਣਗੇ। ਇਹ ਸਕੂਲ ਵੈੱਸਟ-ਵੁੱਡ ਮਾਲ ਅਤੇ ਮਾਲਟਨ ਕਮਿਊਨਿਟੀ ਸੈਂਟਰ ਨੇੜੇ ਸਥਿਤ ਹੈ ।

ਇਨ੍ਹਾਂ ਮੁਕਾਬਲਿਆਂ ਵਿੱਚ ਜੂਨੀਅਰ ਕਿੰਡਰਗਾਰਟਨ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਤੱਕ ਦੇ ਵਿਦਿਆਰਥੀਆਂ ਤੋਂ ਇਲਾਵਾ ਹੋਰ ਕਿਸੇ ਵੀ ਉਮਰ ਦੇ ਵਿਅੱਕਤੀ ਹਿੱਸਾ ਲੈ ਸਕਦੇ ਹਨ। ਗਰੇਡ 7 ਤੋਂ 12 ਦੇ ਵਿਦਿਆਰਥੀਆਂ ਅਤੇ ਵਿਅੱਕਤੀਆਂ ਲਈ ਲੇਖ ਦਾ ਵਿਸ਼ਾ ਹੋਵੇਗਾ 'ਸਕੂਲ ਦੇ ਬੱਚਿਆਂ ਵਿੱਚ ਇੱਕ ਦੂਜੇ ਨੂੰ ਡਰਾਉਣ-ਧਮਕਾਉਣ (ਭੁਲਲੇਨਿਗ) ਦੀ ਸਮੱਸਿਆ'। ਮੁਕਾਬਲਿਆਂ ਲਈ ਗਰੇਡ 7 ਤੋਂ 8 (100 ਸ਼ਬਦ), ਗਰੇਡ 9 ਤੋਂ 10 (150-200 ਸ਼ਬਦ ), ਗਰੇਡ 11 ਤੋਂ 12 (200-250 ਸ਼ਬਦ) ਅਤੇ ਇਸ ਤੋਂ ਉੱਪਰ ਦੇ ਵਿਦਿਆਰਥੀਆਂ ਨੇ (300 ਸ਼ਬਦ ) ਦਾ ਲੇਖ ਲਿਖਣਾ ਹੋਵ-ਗਾ । ਇਸ ਲੇਖ ਵਿੱਚ ਲਿਖਾਰੀਆਂ ਨੇ 'ਇਹ ਸਮੱਸਿਆ ਕਿਉਂ, ਕਿੰਨੀ ਅਤੇ ਇਸ ਨੂੰ ਕਿਵੇਂ ਰੋਕਣਾ ਹੈ', ਆਦਿ ਬਾਰੇ ਲਿਖਣਾ ਹੋਵੇਗਾ। ਇਸ ਦੇ ਨਾਲ ਹੀ ਇਸ ਸਾਲ ਹਿੱਸਾ ਲੈਣ ਵਾਲੇ ਸਾਰੇ ਬਾਲਗਾਂ ਲਈ ਵਿਸ਼ਾ ਹੋਵੇਗਾ, 'ਨਸ਼ਿਆਂ ਦੀ ਸਮੱਸਿਆ ਤੇ ਇਸ ਦੀ ਰੋਕਥਾਮ ਲਈ ਸੰਜੀਦਾ ਉਪਰਾਲੇ'।

ਗਰੇਡ 6 ਤੱਕ ਦੇ ਬੱਚੇ ਦਿੱਤੇ ਹੋਏ ਸ਼ਬਦਾਂ, ਵਾਕਾਂ ਜਾਂ ਪੈਰਾਗਰਾਫ਼ ਨੂੰ ਦੇਖ ਕੇ ਆਪਣੀ ਲਿਖਾਈ ਵਿੱਚ ਸੁੰਦਰ ਅਤੇ ਸ਼ੁੱਧ ਰੂਪ ਵਿੱਚ ਲਿਖਣਗੇ। ਇਹ ਸ਼ਬਦ, ਵਾਕ ਜਾਂ ਪੈਰਾਗਰਾਫ਼ ਵੀ 'ਭੁਲਲੇਨਿਗ' ਵਿਸ਼ੇ ਨਾਲ ਹੀ ਸਬੰਧਤ ਹੋਣਗੇ। ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਸਾਰੇ ਹੀ ਬੱਚਿਆਂ ਇਨਾਮ ਦੇ ਕੇ ਸਨਮ-ਾਨਿਆ ਜਾਵੇਗਾ। ਇਸ ਦੇ ਨਾਲ ਹੀ ਬੱਚਿਆਂ ਨਾਲ ਆਏ ਮਾਪਿਆਂ ਨੂੰ ਵਿ-ਦਅਕ ਖੇਤਰ ਨਾਲ ਸਬੰਧਤ ਮਾਹਿਰਾਂ ਵਲੋਂ ਉਨ੍ਹਾਂ ਦੇ ਬੱਚਿਆਂ ਨਾਲ ਸਬੰਧਤ ਐਜੂਕੇਸ਼ਨ ਬਾਰੇ ਬਹੁਮੁੱਲੀ ਜਾਣਕਾਰੀ ਵੀ ਦਿੱਤੀ ਜਾਏਗੀ।

ਪੰਜਾਬੀ ਬੋਲੀ ਨਾਲ ਪਿਆਰ ਕਰਨ ਵਾਲਿਆਂ ਨੂੰ ਬੇਨਤੀ ਹੈ ਕਿ ਉਹ ਇਸ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਭਾਗ ਲੈਣ। ਸਮੂਹ ਪੰਜਾਬੀ ਪੜ੍ਹਨ ਵਾਲੇ ਬੱਚਿਆਂ ਨੂੰ ਇਹ ਵੀ ਬੇਨਤੀ ਹੈ ਕਿ ਉਹ ਪੰਜਾਬ ਚੈਰਿਟੀ ਦੀ ਫੇਸ-ਬੁੱਕ ਜ਼ਰੂਰ ਜੁਆਇਨ ਕਰਨ। ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਆਪਣਾ ਨਾਮ, ਗਰੇਡ ਅਤੇ ਫ਼ੋਨ ਨੰਬਰ ਲਿਖ ਕੇ ਗੁਰਨਅਮ_ਦਹਲਿਲੋਨ@ਲਵਿਏ।ਚਅ ਤੇ ਈ-ਮੇਲ ਕਰ ਸਕਦੇ ਹੋ। ਇਸ ਪ੍ਰੋਗਰਾਮ ਲਈ ਜਿਹੜੇ ਸੱਜਣ ਕਿਸੇ ਵੀ ਕਿਸਮ ਦੀ ਸਹਾਇਤਾ ਕਰਨੀ ਚਾਹੁੰਦੇ ਹੋਣ ਜਾਂ ਕਿਸੇ ਕਿਸਮ ਦੀ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋਣ ਉਹ ਗੁਰਜੀਤ ਸਿੰਘ (647-990-6489 ), ਬਲਿਹਾਰ ਸਿੰਘ ਨਵਾਂਸ਼ਹਿਰ (647-297-8600 ), ਗੁਰਨਾਮ ਸਿੰਘ ਢਿੱਲੋਂ (647-287-2577 ), ਗਗਨਦੀਪ ਸਿੰਘ ਮਹਾਲੋਂ (416-558-3966 ), ਅਜੈਬ ਸਿੰਘ ਸਿੱਧੂ (416-705-2638 ) ਜਾਂ ਮਨਜਿੰਦਰ ਥਿੰਦ (647-274-5738 ) ਨੂੰ ਫ਼ੋਨ ਤੇ ਸੰਪਰਕ ਕਰ ਸਕਦੇ ਹਨ ।

For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ



- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ

Contact: Nirmal Singh Johal(Certified Electrician)647-716-2677

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਜੇ ਬਰੈਂਪਟਨ ਖਤਰੇ ਵਿੱਚ ਹੈ ਤਾਂ ਹੱਲ ਲਈ ਕੌਣ ਖੜ੍ਹਾ ਹੈ- ਭਾਗ 2







...ਪੰਨਾ 1 ਦਾ ਬਾਕੀ

ਬਰੈਂਪਟਨ ਵਿੱਚ ਮੌਜੂਦ ਮਨੁੱਖੀ ਹੁਨਰ ਘੱਟਦਾ ਜਾ ਰਿਹਾ ਹੈ ਕਿਉਂਕਿ ਪੜੇ ਲਿਖੇ ਅਤੇ ਹੁਨਰਾਂ ਵਾਲੇ ਵਰਕਰ ਅਤੇ ਪ੍ਰੋਫੈਸ਼ਨਲ ਸ਼ਹਿਰ ਤੋਂ ਬਾਹਰ ਜਾ ਰਹੇ ਹਨ। Peel Halton Workforce Development Group ਦੀ ਇੱਕ ਰਿਪੋਰਟ ਮੁਤਾਬਕ ਲੋਕੀ ਕਿਸ ਸ਼ਹਿਰ ਵਿੱਚ ਵੱਸਣ ਦਾ ਫੈਸਲਾ ਕਰਦੇ ਹਨ, ਇਹ ਗੱਲ ਦੋ ਗੱਲਾਂ ਉੱਤੇ ਨਿਰਭਰ ਕਰਦੀ ਹੈ। ਪਹਿਲੀ ਕਿ ਉਸ ਸ਼ਹਿਰ ਵਿੱਚ ਲੇਬਰ ਮਾਰਕੀਟ ਦੇ ਹਾਲਾਤ ਕਿਹੋ ਜਿਹੇ ਹਨ ਅਤੇ ਦੂਜਾ ਕਿ ਵੱਸਣ ਵਾਲੇ ਲੋਕਾਂ ਦੀ ਆਮਦਨ ਦਾ ਪੱਧਰ ਕਿਹੋ ਜਿਹਾ ਹੈ। ਇਸ ਰਿਪੋਰਟ ਮੁਤਾਬਕ ਓਕਵਿੱਲ (Oakville) ਵਿੱਚ ਜ਼ਿਆਦਾ ਮੈਨੇਜਰ ਵਰਗ ਦੇ ਲੋਕ ਵੱਸਦੇ ਹਨ ਜਦੋਂ ਕਿ ਬਰੈਂਪਟਨ ਵਿੱਚ ਮੈਨੂਫੈਕਚਰਿੰਗ ਅਤੇ ਲੌਜਿਸਟਿਕਸ ਖੇਤਰ ਵਿੱਚ ਕੰਮ ਕਰਨ ਵਾਲੇ ਵਰਕਰ। ਇਸ ਰਿਪੋਰਟ ਮੁਤਾਬਕ ਲੋਕਾਂ ਵੱਲੋਂ ਕਿਸੇ ਸ਼ਹਿਰ ਵਿੱਚ ਵੱਸਣ ਦਾ ਫੈਸਲਾ ਕਰਨ ਵੇਲੇ ਰੁਜ਼ਗਾਰ ਦੇ ਅਵਸਰਾਂ, ਮਨੋਰੰਜਨ ਅਤੇ ਮਨੁੱਖੀ ਵਿਕਾਸ ਦੇ ਅਵਸਰਾਂ ਦੀ ਉਪਲਬਧਤਾ ਦਾ ਵੱਡਾ ਰੋਲ ਹੁੰਦਾ ਹੈ।

2040 ਵਿਜ਼ਨ ਦਸਤਾਵੇਜ਼ ਇਸ ਗੱਲ ਦਾ ਰੋਸਾ ਕਰਦਾ ਹੈ ਕਿ ਬਰੈਂਪਟਨ ਵਿੱਚ ਵਿਉਪਾਰਕ ਜਾਂ ਸੱਭਿਆਚਾਰਕ ਉੱਦਮਾਂ ਦੀ ਘਾਟ ਹੋਣ ਕਾਰਣ ਇਹ ਪੀਅਰਸਨ ਏਅਰਪੋਰਟ, ਟੋਰਾਂਟੋ ਸ਼ਹਿਰ ਅਤੇ ਹੋਰ ਅਨੇਕਾਂ ਦਿਲਕਸ਼ ਖਿੱਚਾਂ ਦੇ ਬਾਵਜੂਦ ਪਿੱਛੜਿਆ ਰਹਿ ਗਿਆ ਹੈ।

ਇਹ ਗੱਲ ਕਿਸੇ ਤੋਂ ਲੁਕੀ ਹੋਈ ਨਹੀਂ ਕਿ ਬਰੈਂਪਟਨ ਦੀ 60% ਵਰਕਫੋਰਸ ਨੂੰ ਸ਼ਹਿਰ ਵਿੱਚੋਂ ਬਾਹਰ ਜਾ ਕੇ ਹੋਰ ਸ਼ਹਿਰਾਂ/ਇਲਾਕਿਆਂ ਵਿੱਚ ਨੌਕਰੀਆਂ ਕਰਨੀਆਂ ਪੈ ਰਹੀਆਂ ਹਨ। ਪਰ Peel Halton Workforce Development Group ਦੀ ਰਿਪੋਰਟ ਮੁਤਾਬਕ ਲੇਬਰ ਜੌਬਾਂ ਕਰਨ ਵਾਲੇ ਬਰੈਂਪਟਨ ਵਾਸੀ ਜ਼ਿਆਦਾਤਰ ਬਰੈਂਪਟਨ ਵਿੱਚ ਹੀ ਰੁਜ਼ਗਾਰ ਕਰਦੇ ਹਨ ਜਦੋਂ ਕਿ ਸਿਹਤ, ਅਤੇ ਸੋਸ਼ਲ ਸਰਵਿਸ ਆਦਿ ਖੇਤਰਾਂ ਵਿੱਚ ਕੰਮ ਕਰਨ ਵਾਲੇ ਪ੍ਰੋਫੈਸ਼ਨਲ ਬਰੈਂਪਟਨ ਵਿੱਚੋਂ ਬਾਹਰ ਜਾ ਕੇ ਰੁਜ਼ਗਾਰ ਕਰ ਰਹੇ ਹਨ।

ਅਰਥ ਇਹ ਕਿ ਬਰੈਂਪਟਨ ਵਿੱਚ ਵੱਧ ਤਨਖਾਹ ਅਤੇ ਚੰਗੇਰੇ ਹੁਨਰ ਨੂੰ ਖਪਾਉਣ ਵਾਲੀਆਂ ਨੌਕਰੀਆਂ ਦੀ ਘਾਟ ਹੈ। ਵੈਸੇ ਵੀ ਬਰੈਂਪਟਨ ਵਿੱਚ ਸਿਹਤ ਅਤੇ ਸੋਸ਼ਲ ਸੇਵਾਵਾਂ ਦੇ ਮੰਦੇਹਾਲ ਦੀ ਕਹਾਣੀ ਕੋਈ ਲੁਕੀ ਛਿਪੀ ਨਹੀਂ ਹੈ। ਸੋ ਜਦੋਂ ਚੋਣਾਂ ਲੜ ਰਹੇ ਉਮੀਦਵਾਰ ਜੌਬਾਂ ਪੈਦਾ ਕਰਨ ਦੀ ਗੱਲ ਕਰਦੇ ਹਨ, ਸਾਵਧਾਨ ਹੋਣ ਦੀ ਲੋੜ ਹੈ ਕਿ ਉਹਨਾਂ ਕੋਲ ਕਿਹੋ ਜਿਹੀਆਂ ਜੌਬਾਂ ਪੈਦਾ ਕਰਨ ਦੀ ਦੂਰਦ੍ਰਿਸ਼ਟੀ ਹੈ। ਬਰੈਂਪਟਨ ਨੂੰ ਵਾਲਮਾਰਟ ਦੇ ਸੁਪਰਸੈਂਟਰ ਜਾਂ ਐਮਾਜ਼ਨ ਦੇ ਵੇਅਰਹਾਊਸ ਨਹੀਂ ਸਗੋਂ ਗਿਆਨ ਆਧਾਰਿਤ ਰੁਜ਼ਗਾਰ ਅਵਸਰਾਂ ਦੀ ਲੋੜ ਹੈ।

ਦੋ ਕੁ ਸਾਲ ਪਹਿਲਾਂ (ਜੁਲਾਈ 2016) ਬਰੈਂਪਟਨ ਸਿਟੀ ਨੇ ਯੂਥਫੁੱਲ ਸਿਟੀਜ਼ ਨਾਮਕ ਕਨਸਲਟੈਂਟ ਫਰਮ ਰਾਹੀਂ ਇਕ ਸਰਵੇਖਣ ਕਰਵਾਇਆ ਜਿਸ ਵਿੱਚ 900 ਦੇ ਕਰੀਬ ਨੌਜਵਾਨਾਂ ਨੇ ਹਿੱਸਾ ਲਿਆ ਸੀ। ਉਸ ਸਰਵੇਖਣ ਵਿੱਚ ਇੱਕ ਸੁਆਲ ਸੀ ਕਿ ਤੁਹਾਡੇ ਬਰੈਂਪਟਨ ਵਿੱਚ ਪੱਕੇ ਵੱਸਣ ਦੀ ਕਿੰਨੀ ਕੁ ਸੰਭਾਵਨਾ ਹੈ। ਸਿਰਫ਼ 10% ਨੇ ਕਿਹਾ ਕਿ ਉਹ ਪੱਕੇ ਤੌਰ ਉੱਤੇ ਬਰੈਂਪਟਨ ਵਿੱਚ ਵੱਸਣਾ ਚਾਹੁਣਗੇ। ਇਸ ਰਿਪੋਰਟ ਤੋਂ ਬਾਅਦ ਸਿਟੀ ਕਾਉਂਸਲ ਨੇ ਵਾਅਦਾ ਕੀਤਾ ਸੀ ਕਿ ਉਹ ਭੱਵਿਖਮੁਖੀ ਯੋਜਨਾਵਾਂ ਬਣਾ ਕੇ ਯੂਥ ਦੇ ਤੌਖਲਿਆਂ ਨੂੰ ਦੂਰ ਕਰਨ ਲਈ ਕੰਮ ਕਰੇਗੀ ਪਰ ਅਸਲ ਵਿੱਚ ਗੱਲ ਕਿੱਥੇ ਪੁੱਜੀ, ਕੋਈ ਨਹੀਂ ਜਾਣਦਾ।

ਚੇਤੇ ਰਹੇ ਕਿ ਯੂਨਾਈਟਡ ਵੇਅ ਆਫ ਗਰੇਟਰ ਟੋਰਾਂਟੋ ਦੀ The Opportunity Equation in the Greater Toronto Area ਰਿਪੋਰਟ ਦੱਸਦੀ ਹੈ ਕਿ 1980 ਵਿੱਚ ਪੀਲ ਰੀਜਨ ਵਿੱਚ ਸਿਰਫ਼ 2% ਨੇਬਰਹੁੱਡ ਘੱਟ ਆਮਦਨ ਵਾਲੇ ਹੁੰਦੇ ਸਨ ਜੋ ਕਿ 2017 ਵਿੱਚ ਵੱਧ ਕੇ 52% ਹੋ ਗਏ।

2040 ਵਿਜ਼ਨ ਵਿੱਚ ਬਰੈਂਪਟਨ ਲਈ ਜਿਸ ਦੂਰਦ੍ਰਿਸ਼ਟੀ ਦਾ ਨਿਰਮਾਣ ਕੀਤਾ ਗਿਆ ਹੈ, ਉਸਦੇ 7 ਹਿੱਸੇ ਬਣਾਏ ਗਏ ਹਨ। ਇਹਨਾਂ ਵਿੱਚ ਸਸਟੇਨੇਬਲਿਟੀ (Sustainability) ਅਤੇ ਵਾਤਾਵਰਣ, ਰੁਜ਼ਗਾਰ ਅਤੇ ਲਿਵਿੰਗ ਸੈਂਟਰ, ਨੇਬਰਹੁੱਡਜ਼, ਟਰਾਂਸਪੋਰਟੇਸ਼ਨ, ਸੋਸ਼ਲ ਸੇਵਾਵਾਂ ਅਤੇ ਹਾਊਸਿੰਗ, ਸਿਹਤ ਅਤੇ ਕਲਾ/ਸੱਭਿਆਚਾਰ ਸ਼ਾਮਲ ਹਨ। ਰੁਜ਼ਗਾਰ ਦੂਜੇ ਨੰਬਰ ਉੱਤੇ ਰੱਖਿਆ ਗਿਆ ਹੈ। ਸਮੁੱਚੇ ਦਸਤਾਵੇਜ਼ ਵਿੱਚ ਅਸਲੀ ਰੁਜ਼ਗਾਰ ਦੇ ਅਵਸਰਾਂ ਬਾਰੇ ਗੱਲ ਕਰਨ ਦੀ ਥਾਂ ਡਾਊਨ ਟਾਊਨ, ਅੱਪ ਟਾਊਨ ਵਿੱਚ ਕੌਂਡੋਜ਼ ਬਣਾਉਣ, ਮਨੋਰੰਜਨ ਦੇ ਸਥਾਨ ਪੈਦਾ ਕਰਨ ਆਦਿ ਉੱਤੇ ਵਧੇਰੇ ਜੋਰ ਦਿੱਤਾ ਗਿਆ ਹੈ।

ਖਿਆਲ ਦਿੱਤਾ ਗਿਆ ਹੈ ਕਿ ਬਰੈਂਪਟਨ ਅੱਪਟਾਊਨ (ਹੁਰੋਂਟੇਰੀਓ ਅਤੇ ਸਟੀਲਜ਼) ਦੇ ਵਿਕਾਸ ਨਾਲ 54,000 ਨੌਕਰੀਆਂ ਪੈਦਾ ਹੋਣਗੀਆਂ, ਡਾਊਨ ਟਾਊਨ ਦੇ ਵਿਕਾਸ ਨਾਲ 55000 ਨੌਕਰੀਆਂ ਪੈਦਾ ਹੋਣਗੀਆਂ। ਬਰੈਂਪਟਨ ਈਸਟ, ਵੈਸਟ, ਹੈਰੀਟੇਜ ਹਾਈਟਸ (ਮਿਸੀਸਾਗਾ ਰੋਡ/ਸੈਂਡਲਵੁੱਡ), ਟ੍ਰਿਨਿਟੀ ਕਾਮਨਜ਼ ਵਿੱਚ ਵਿਕਸਤ ਕੀਤੇ ਜਾਣ ਵਾਲੇ ਸੈਂਟਰਾਂ ਨਾਲ ਪੈਦਾ ਹੋਣ ਵਾਲੀਆਂ ਨੌਕਰੀਆਂ ਦਾ ਜ਼ਿਕਰ ਨਹੀਂ ਕੀਤਾ ਗਿਆ। ਨਾ ਹੀ ਇਹਨਾਂ ਸੈਂਟਰਾਂ ਦੇ ਵਿਕਾਸ ਲਈ ਅੱਪਟਾਊਨ ਅਤੇ ਡਾਊਨ ਟਾਊਨ ਦੇ ਵਿਕਾਸ ਲਈ ਉਲੀਕੀਆਂ ਯੋਜਨਾਵਾਂ ਵਾਂਗੂ ਕੋਈ ਲੰਬੀ ਚੌੜੀ ਯੋਜਨਾ ਪੇਸ਼ ਕੀਤੀ ਗਈ ਹੈ।

......ਬਾਕੀ ਕੱਲ

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਕੌਮਾਂਤਰੀ ਉਡਾਨਾਂ ਉੱਤੇ ਕੈਨੇਡੀਅਨਾਂ ਨੂੰ ਆਪਣੇ ਨਾਲ ਮੈਰੀਜੁਆਨਾ ਨਾ ਲਿਜਾਣ ਦੀ ਟਰਾਂਸਪੋਰਟ ਮੰਤਰੀ ਨੇ ਦਿੱਤੀ ਚੇਤਾਵਨੀ

...ਪੰਨਾ 1 ਦਾ ਬਾਕੀ

ਗਾਰਨਿਊ ਨੇ ਆਖਿਆ ਕਿ ਜਿਨਾਂ ਚਿਰ ਕੈਨੇਡੀਅਨ ਘਰੇਲੂ ਉਡਾਨਾਂ ਉੱਤੇ ਹਨ ਉਹ ਆਪਣੇ ਨਾਲ 30 ਗ੍ਰਾਮ ਮੈਰੀਜੁਆਨਾ ਲਿਜਾ ਸਕਦੇ ਹਨ ਉਹ ਵੀ ਉਦੋਂ ਜਦੋਂ ਮੈਰੀਜੁਆਨਾ ਦੇਸ਼ ਵਿੱਚ ਕਾਨੂੰਨ ਦੇ ਦਾਇਰੇ ਵਿੱਚ ਆ ਜਾਵੇਗੀ। ਮੰਤਰੀ ਨੇ ਚੇਤਾਵਨੀ ਦਿੰਦਿਆਂ ਆਖਿਆ ਕਿ ਕੌਮਾਂਤਰੀ ਯਾਤਰੀਆਂ ਨੂੰ ਉਨ੍ਹਾਂ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ ਜਿਸ ਦੇਸ਼ ਵਿੱਚ ਉਹ ਜਾ ਰਹੇ ਹਨ। ਟਰਾਂਸਪੋਰਟ ਕੈਨੇਡਾ ਦਾ ਕਹਿਣਾ ਹੈ ਕਿ ਮੈਰੀਜੁਆਨਾ ਜਾਂ ਜਿਨ੍ਹਾਂ ਵਸਤਾਂ ਵਿੱਚ ਮੈਰੀਜੁਆਨਾ ਹੁੰਦੀ ਹੈ, ਅਮਰੀਕੀ ਸਰਹੱਦ ਤੋਂ ਪਾਰ ਲਿਜਾਣਾ ਗੈਰਕਾਨੂੰਨੀ ਰਹੇਗਾ।

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton 905-458-4733 (see Kamal)

## ਭੌਤਿਕ ਵਿਗਿਆਨ ’ਚ ਕੈਨੇਡੀਅਨ ਸਮੇਤ ਦੋ ਹੋਰਨਾਂ ਨੇ ਜਿੱਤਿਆ ਨੋਬਲ ਪ੍ਰਾਈਜ਼

...ਪੰਨਾ 1 ਦਾ ਬਾਕੀ

ਇਨ੍ਹਾਂ ਟਵੀਜ਼ਰਜ਼ ਨਾਲ ਨਿੱਕੇ ਨਿੱਕੇ ਕਣ ਜਿਵੇਂ ਕਿ ਵਾਇਰਸ ਆਦਿ ਨੂੰ ਵੀ ਬਿਨਾਂ ਕਿਸੇ ਹੋਰ ਹਿੱਸੇ ਨੂੰ ਨੁਕਸਾਨ ਪਹੁੰਚਾਇਆਂ ਫੜ੍ਹਿਆ ਜਾ ਸਕਦਾ ਹੈ।

ਸਟ੍ਰਿਕਲੈਂਡ ਤੇ ਮੌਊਰੋਊ ਨੇ ਨਿੱਕੀਆਂ ਤੇ ਤੇਜ਼ ਪਲਸਿਜ਼ ਵਿਕਸਤ ਕੀਤੀਆਂ ਜਿਨ੍ਹਾਂ ਦਾ ਇੰਡਸਟਰੀਅਲ ਤੇ ਮੈਡੀਕਲ ਐਪਲੀਕੇਸ਼ਨਜ਼ ਵਿੱਚ ਕਾਫੀ ਵੱਡਾ ਯੋਗਦਾਨ ਹੈ। ਸਟ੍ਰਿਕਲੈਂਡ ਪਹਿਲੀ ਮਹਿਲਾ ਵਿਗਿਆਨੀ ਹੈ ਜਿਸ ਨੂੰ ਪਿਛਲੇ ਤਿੰਨ ਸਾਲਾਂ ਵਿੱਚ ਕੋਈ ਨੋਬਲ ਇਨਾਮ ਦਿੱਤਾ ਗਿਆ ਹੈ। ਉਹ ਅਜਿਹੀ ਤੀਜੀ ਮਹਿਲਾ ਹੈ ਜਿਸ ਨੂੰ ਫਿਜ਼ਿਕਸ ਦੇ ਖੇਤਰ ਵਿੱਚ ਐਨਾ ਵੱਡਾ ਐਵਾਰਡ ਦਿੱਤਾ ਗਿਆ ਹੋਵੇ। ਸੱਭ ਤੋਂ ਪਹਿਲਾਂ 1903 ਵਿੱਚ ਮੈਰੀ ਕਿਊਰੀ ਨੂੰ ਇਹ ਇਨਾਮ ਦਿੱਤਾ ਗਿਆ ਸੀ।

ਸਟ੍ਰਿਕਲੈਂਡ ਨੇ ਇਸ ਐਲਾਨ ਤੋਂ ਬਾਅਦ ਫੋਨ ਉੱਤੇ ਗੱਲ ਕਰਦਿਆਂ ਆਖਿਆ ਕਿ ਸਾਨੂੰ ਮਹਿਲਾ ਭੌਤਿਕ ਵਿਗਿਆਨੀਆਂ ਨੂੰ ਵੀ ਮੌਕਾ ਦੇਣਾ ਚਾਹੀਦਾ ਹੈ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਉੱਤੇ ਖੁਸ਼ ਹੋਣਾ ਚਾਹੀਦਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਹੋ ਸਕਦਾ ਹੈ ਸਮਾਂ ਰਹਿੰਦਿਆਂ ਇਹ ਸੱਭ ਤੇਜ਼ੀ ਨਾਲ ਹੋਣ ਲੱਗ ਜਾਵੇ। ਸੋਮਵਾਰ ਨੂੰ ਅਮਰੀਕਾ ਦੇ ਜੇਮਜ਼ ਐਲੀਸਨ ਤੇ ਜਾਪਾਨ ਦੇ ਤਾਸੁਕੂ ਹੌਂਜੋ ਨੇ ਮੈਡੀਸਨ ਦੇ ਖੇਤਰ ਵਿੱਚ ਨੋਬਲ ਪ੍ਰਾਈਜ਼ ਜਿੱਤਿਆ।

ਵਧੀਆ ਮੁਨਾਫ਼ੇ ਲਈ ਭਾਰਤ ਵਿੱਚ ਨਿਵੇਸ਼ ਕਰੋ
INVEST FOR SMART RETURN IN INDIA
SALE PURCHASE & MANAGEMENT OF COMMERCIAL RESIDENCIAL PROPERTIES IN DELHI, GURGAON, NOIDA, CHANDIGARH, PUNJAB AND INVEST IN RUNNING HOSIPTALS FOR SMART & SAFE RETURNS
Bhalla: 91-9316255513 | Bhullar: 905.453.0000
For More Details www.conceptindiaservices.com

Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
Dr. Samreet Kaur Randhawa
General Family Dentist
New Patients welcome
Deal Directly with all Insurance Companies
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd · Mcvean Dr · Gore Rd · Squire Ellis Dr · Countryside Dr · DENTISTRY

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training
Forklift $79
Air Brake
Truck Driving Course
◦ Counter Balance ◦ Order Picker
◦ Raymond Reach ◦ Walkie
◦ Cheery Picker
AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132'' 88'' 8 Seated Sofa
■ ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657 69 Westmore Dr. #20 Etobicoke ON, M9V 3Y6

# ਗਾਇਕ ਦੀਪਾ ਡੁਮੇਲੀ ਦਾ ਨਵਾਂ ਗੀਤ 'ਧੀ ਪੰਜਾਬ ਦੀ' ਰਿਲੀਜ਼



ਆਕਲੈਂਡ, 2 ਅਖਤੂਬਰ (ਹਰਜਿੰਦਰ ਸਿੰਘ ਬਸਿਆਲਾ)-ਅੱਜਕਲ੍ਹ ਪੰਜਾਬੀ ਗਾਇਕੀ ਦੇ ਪਿੜ ਦੇ ਵਿਚ ਸਭਿਅਕ ਅਤੇ ਅਸਭਿਅਕ ਗੀਤ ਵਿਸ਼ਵ ਭਰ ਦੇ ਸਰੋਤਿਆਂ ਨੂੰ ਇੰਟਰਨੈਟ ਜ਼ਰੀਏ ਪੂਰਾ ਹੱਕ ਦਿੰਦੇ ਹਨ ਕਿ ਕਿਹੜੇ ਗੀਤ ਨੂੰ ਪਸੰਦ ਕਰਨਾ ਹੈ ਅਤੇ ਅੱਗੇ ਸਾਂਝੇ ਕਰਨਾ ਹੈ। ਜੇਕਰ ਇਕ ਚੰਗੇ ਗੀਤ ਦੇ ਬੋਲ, ਗਵੱਈਏ ਦੀ ਆਵਾਜ਼ ਅਤੇ ਸੰਗੀਤਕ ਸੁਰਾਂ ਦੀਆਂ ਤਰੰਗਾ ਅਤੇ ਨਰੋਆ ਤੇ ਸਮਾਜ ਸੁਧਾਰਿਕ ਸੁਨੇਹਾ ਲੈ ਕੇ ਸਰੋਤਿਆਂ ਦੀ ਕਚਹਿਰੀ ਅਪੜਨ ਤਾਂ ਪਹਿਲੀ ਪੇਸ਼ੀ ਫੈਸਲਾ ਉਸ ਗੀਤ ਦੇ ਹੱਕ ਵਿਚ ਜਾਵੇਗਾ। ਨਿਊਜ਼ੀਲੈਂਡ ਵਸਦੇ ਇਕ ਪੰਜਾਬੀ ਗਾਇਕ ਦੀਪਾ ਡੁਮੇਲੀ ਨੇ ਕਾਫੀ ਵਕਫੇ ਬਾਅਦ ਅੱਜ ਇਕ ਅਜਿਹਾ ਹੀ ਸਾਰਥਿਕ ਗੀਤ 'ਧੀ ਪੰਜਾਬ ਦੀ' ਸਿਰਲੇਖ ਹੇਠ ਸਤਿਕਾਰਤ ਸਰੋਤਿਆਂ ਦੀ ਹਾਜ਼ਰੀ ਵਿਚ ਰਿਲੀਜ਼ ਕੀਤਾ। ਗੀਤ ਦੀ ਸਥਾਈ 'ਕਿਉਂ ਭੰਡਦੇ ਪੰਜਾਬੀਓ ਪੰਜਾਬਣਾਂ, ਕਿਸੇ ਦੀ ਉਹ ਵੀ ਧੀ ਲਗਦੀ'' ਆਪਣੇ ਆਪ ਵਿਚ ਇਕ ਹਲੂਣਾ ਭਰਿਆ ਸੁਨੇਹਾ ਪੇਸ਼ ਕਰਦਾ ਹੈ। ਗੀਤ ਦੀ ਕਹਾਣੀ ਇਕ ਪੰਜਾਬੀ ਕੁੜੀ ਨੂੰ ਵਿਦੇਸ਼ਾਂ ਦੇ ਵਿਚ ਪੰਜਾਬੀ ਮੁੰਡਿਆਂ ਵੱਲੋਂ ਰਾਹ-ਵਾਟੇ ਛੇੜੇ ਜਾਣ ਦੀ ਘਟਨਾ ਦੁਆਲੇ ਘੁੰਮਦੀ ਹੈ। ਵਿਦਿਆਰਥੀ ਵੀਜ਼ੇ ਉਤੇ ਆਈ ਪੰਜਾਬੀ ਕੁੜੀ ਨੂੰ ਰੋਜ਼ਮਰਾ ਜ਼ਿੰਦਗੀ ਵਿਚ ਕਿਵੇਂ-ਕਿਵੇਂ ਦੇ ਹਾਲਤਾਂ ਨਾਲ ਦੋ-ਚਾਰ ਹੋਣਾ ਪੈਂਦਾ ਹੈ, ਵਧੀਆ ਫਿਲਮਾਇਆ ਗਿਆ ਹੈ। ਦੋ ਮੁੰਡਿਆਂ ਵੱਲੋਂ ਪਹਿਲਾਂ ਇਕ ਕੁੜੀ ਨੂੰ ਮਜ਼ਾਕ ਕਰਨ ਦੀ ਤਿਆਰੀ ਅਤੇ ਬਾਅਦ ਵਿਚ ਉਹੀ ਕੁੜੀ ਨਾਲ ਬੈਠੇ ਦੋਸਤ ਦੀ ਚਚੇਰੀ ਭੈਣ ਨਿਕਲ ਆਉਣ ਕਾਰਨ ਦੂਸਰੇ ਦੋਸਤ ਨੂੰ ਡਾਂਟਣਾ ਅਤੇ ਗੀਤ ਦੇ ਅੰਤ ਵਿਚ ਮੁੰਡਿਆਂ ਵੱਲੋਂ ਅਹਿਸਾਸ ਕਰਨਾ ਕਿ ਉਹ ਅੱਗੇ ਤੋਂ ਕਿਸੀ ਦੀ ਧੀ-ਭੈਣ ਨੂੰ ਨਹੀਂ ਛੇੜਨਗੇ, ਇਸ ਗੀਤ ਦਾ ਮੁੱਖ ਸਾਰਅੰਸ਼ ਹੈ। ਤੇਜ ਲੈਅ ਵਿਚ ਗਾਇਆ ਗੀਤ ਸੰਗੀਤਕ ਸੁਰਾਂ ਉਤਾਂਹ ਉਠਾਈ ਰੱਖਦਾ ਹੈ ਪਰ ਥੱਲੇ ਲੁਕਿਆ ਸੁਨੇਹਾ ਵੀ ਪੂਰਾ ਦਿਲ-ਦਿਮਾਗ ਤੱਕ ਪੁੱਜਦਾ ਕਰਦਾ ਹੈ। ਗੋਇਲ ਮਿਊਜ਼ਕ ਕੰਪਨੀ ਦੀ ਇਸ ਪੇਸ਼ਕਸ਼ ਵਿਚ ਵੀਡਓ ਡਾਇਰੈਕਸ਼ਨ ਅਤੇ ਗੀਤ ਸੋਨੂੰ ਢਿੱਲੋਂ ਦਾ ਹੈ, ਸੰਗੀਤ ਅਮਦਾਦ ਅਲੀ ਦਾ ਅਤੇ ਵੀਡੀਓ ਫਿਲਮਾਂਕਣ ਵਿਚ ਰਜਨੀ ਸ਼ਰਮਾ ਅਤੇ ਉਸਦੀ ਟੀਮ ਦਾ ਵਿਸ਼ੇਸ਼ ਯੋਗਦਾਨ ਰਿਹਾ। ਸਮਾਰੋਹ ਵਿਚ ਗੀਤ ਦਾ ਵੀਡੀਓ ਵੱਡੀ ਸਕਰੀਨ ਉਤੇ ਚਲਾਇਆ ਗਿਆ ਅਤੇ ਫਿਰ ਸਾਰਿਆਂ ਨੇ ਰਸਮੀ ਤੌਰ ਉਤੇ ਗੀਤ ਨੂੰ ਪੋਸਟਰ ਰਾਹੀਂ ਰਿਲੀਜ ਕੀਤਾ।

ਇਸ ਉਦਮ ਲਈ ਨਿਊਜ਼ੀਲੈਂਡ ਦੇ ਗਾਇਕ ਦੀਪਾ ਡੁਮੇਲੀ ਨੂੰ ਉਥੇ ਪੁੱਜੇ ਸਾਰੇ ਲੋਕਾਂ ਨੇ ਵਧਾਈ ਦਿੱਤੀ ਜਿਨ੍ਹਾਂ ਵਿਚ ਅੰਤਰਰਾਸ਼ਟਰੀ ਗਾਇਕ ਹਰਦੇਵ ਮਾਹੀਨੰਗਲ, ਗਾਇਕ ਸੱਤਾ ਵੈਰੋਵਾਲੀਆ, ਰਘਬੀਰ ਸਿੰਘ ਜੇ.ਪੀ., ਰੇਡੀਓ ਤਰਾਨਾ ਪੇਸ਼ਕਾਰ ਸ. ਨਿਰਮਲਜੀਤ ਸਿੰਘ ਗਹੂਣੀਆਂ, ਰੇਡੀਓ ਸਪਾਈਸ ਤੋਂ ਸ. ਪਰਮਿੰਦਰ ਸਿੰਘ , ਸ. ਨਵਤੇਜ ਸਿੰਘ ਰੰਧਾਵਾ, ਅਦਾਰਾ ਕੂਕ ਸਮਾਚਾਰ ਤੋਂ ਸ. ਅਮਰਜੀਤ ਸਿੰਘ, ਸ. ਅਜੀਤਪਾਲ ਸਿੰਘ ਸੈਣੀ, ਸ੍ਰੀ ਅਮਿੱਤ ਸੂਦ, ਸ. ਗੁਰਪ੍ਰੀਤ ਸਿੰਘ ਕੰਦੋਲਾ, ਹਰਵਿੰਦਰ ਸਿੰਘ ਬਸਰਾ, ਸਤਨਾਮ ਸਿੰਘ ਡੀ.ਜੇ. ਹੈਮਿਲਟਨ ਤੋਂ ਹਰਜੀਤ ਕੌਰ, ਰਜਨੀ ਸ਼ਰਮਾ ਅਤੇ ਹੋਰ ਕਈ ਲੋਕ ਹਾਜ਼ਿਰ ਸਨ।

# ਜਸਪਾਲ ਢਿੱਲੋਂ ਦੀ ਨਿਰਦੇਸ਼ਨਾਂ ਹੇਠ "ਨਿਰਲੱਜ" ਦੀ ਸਫਲ ਪੇਸ਼ਕਾਰੀ

## ਅਜਮੇਰ ਰੋਡੇ ਦਾ ਨਾਟਕ ਸਰੋਤਿਆਂ ਦੀਆਂ ਅੱਖਾਂ ਨਮ ਕਰ ਗਿਆ









ਬਰੈਂਪਟਨ (ਕੰਵਲਜੀਤ ਸਿੰਘ ਕੰਵਲ) ਓਨਟਾਰੀਓ ਪੰਜਾਬੀ ਥੀਏਟਰ ਐਂਡ ਆਰਟਸ ਅਤੇ ਫੁਲਕਾਰੀ ਮੀਡੀਆ ਗਰੁੱਪ ਵੱਲੋਂ ਉੱਘੇ ਨਾਟਕਕਾਰ ਅਜਮੇਰ ਰੋਡੇ ਦੇ ਲਿਖੇ ਨਾਟਕ 'ਨਿਰਲੱਜ'' ਨੂੰ ਟਰਾਂਟੋ ਵਿਚਲੇ ਪੰਜਾਬੀ ਥੀਏਟਰ ਦਾ ਬਾਬਾ ਬੋਹੜ ਕਹੇ ਜਾਂਦੇ ਨਿਰਦੇਸ਼ਕ ਜਸਪਾਲ ਢਿੱਲੋਂ ਦੀ ਨਿਰਦੇਸ਼ਨਾਂ ਹੇਠ ਇੱਥੋਂ ਦੇ ਚਿੰਗੂਜੀ ਸਕੈਂਡਰੀ ਸਕੂਲ ਦੇ ਥੀਏਟਰ ਵਿੱਚ ਦਰਸ਼ਕਾਂ ਦੇ ਖੱਚਾ ਖੱਚ ਭਰੇ ਸਰੋਤਿਆਂ ਦੀ ਹਾਜਰੀ ਚ ਆਯੋਜਿਤ ਕੀਤਾ ਗਿਆ। ਬੀਤੇ ਕਈ ਦਹਾਕਿਆਂ ਤੋਂ ਦਰਜਨਾਂ ਸਫਲ ਨਾਟਕਾਂ ਦਾ ਮੰਚਨ ਕਰਨ ਵਾਲੇ ਜਸਪਾਲ ਢਿੱਲੋਂ ਅਤੇ ਉਸ ਦੀ ਟੀਮ ਨੇ ਇਕ ਵਾਰ ਫਿਰ ਇਹ ਨਾਟਕ ਜੋ ਕਿ ਸਮਾਜਿਕ ਕੁਰੀਤੀਆਂ ਅਤੇ ਕਈ ਸਵਾਲਾਂ ਨੂੰ ਸੋਚਣ ਲਈ ਮਜਬੂਰ ਕਰਦਾ ਹੈ ਵੀ ਆਪਣੇ ਨਾਮ ਕਰ ਲਿਆ। ਨਾਟਕ ਦਾ ਵਿਸ਼ਾ ਭਾਂਵੇਂ ਧੀਆਂ ਨੂੰ ਕੁੱਖਾਂ ਚ ਮਾਰ ਦਿੱਤੇ ਜਾਣ ਦਾ ਪੁਰਾਣਾ ਸੀ ਜੋ ਕਿ ਦਰਸ਼ਕ ਕਈ ਵਾਰੀ ਵੇਖ ਚੁਕੇ ਹਨ ਪਰ ਇਸ ਵਿਸ਼ੇ ਨੂੰ ਅਜਮੇਰ ਰੋਡੇ ਦੀ ਸ਼ਬਦਾਵਲੀ ਅਤੇ ਜਸਪਾਲ ਢਿੱਲੋਂ ਦੀ ਨਿਰਦੇਸ਼ਨਾਂ ਹੇਠ ਸਟੇਜ ਦੇ ਮੰਜੇ ਹੋਏ ਕਲਾਕਾਰਾਂ ਦੀ ਪੇਸ਼ਕਾਰੀ ਨੇ ਕਈ ਵਾਰ ਹਸਾਇਆ ਅਤੇ ਕਈ ਵਾਰ ਰੋਣ ਲਈ ਮਜ਼ਬੂਰ ਕੀਤਾ, ਮਾਂ ਤੋਸ਼ੀ ਦਾ ਕਿਰਦਾਰ ਨਿਭਾਉਣ ਵਾਲੀ ਲਿਵਲੀਨ ਨੇ ਇਸ ਨਾਟਕ ਦਾ ਧੁਰਾ ਬਣ ਕੇ ਇਸ ਕਿਰਦਾਰ ਨੂੰ ਇਸ ਕਦਰ ਜੀਵਿਆ ਕਿ ਮਾਂ ਦੀ ਅਪਣੇ ਅਣਜੰਮੇ ਬੱਚੇ ਪ੍ਰਤੀ ਮਮਤਾ ਦੇ ਮੋਹ ਨੂੰ ਬਾਖੂਬੀ ਚਿਤਵਿਆ। ਨਾਟਕ ਦੇ ਮੁੱਖ ਕਿਰਦਾਰ ਚ ਹੈਰੀ ਜੋ ਕਿ ਕਮਲ ਸ਼ਰਮਾਂ ਵੱਲੋਂ ਨਿਭਾਇਆ ਗਿਆ ਜੋ ਕਿ ਪੁੱਤਰ ਮੋਹ, ਪੁੱਤਰ ਪਰਾਪਤੀ ਲਈ ਵਰਤੇ ਗਏ ਸਾਰੇ ਮਾਪ ਦੰਢ ਭੇਤ ਦੀਆਂ ਸਾਰੀਆਂ ਸੀਮਾਂਵਾਂ ਨੂੰ ਪਾਰ ਕਰਦਾ ਦਿਖਾਈ ਦਿੱਤਾ, ਇਹ ਜੋੜੀ ਇਸ ਨਾਟਕ ਦਾ ਸਿਖਰ ਹੋ ਨਿਬੜੀ। ਪਖੰਡੀ ਅਤੇ ਭੋਲੇ ਭਾਲੇ ਲੋਕਾਂ ਨੂੰ ਬੜੀ ਸਫਾਈ ਨਾਲ ਠੱਗਣ ਵਾਲੇ ਜੋਤਸ਼ੀ ਬ੍ਰਾਹਮਣ ਦੇ ਕਿਰਦਾਰ ਚ ਜਸਪਾਲ ਢਿੱਲੋਂ ਜਿਸ ਵੱਲੋਂ ਇਸ ਕਿਰਦਾਰ ਨੂੰ ਬਾਖੂਬੀ ਦੇ ਨਾਲ ਨਾਲ ਇਸੇ ਕਿਰਦਾਰ ਨਾਲ ਜੁੜੇ ਅਜਿਹੇ ਲੋਕਾਂ ਨੂੰ ਠੱਗਣ ਵਾਲੇ ਜੋਤਸ਼ੀਆਂ ਅਤੇ ਪੈਸੇ ਠੱਗ ਕੇ ਤਵੀਤ, ਨੱਗ ਅਤੇ ਪੁੱਤਰ ਪ੍ਰਾਪਤੀ ਲਈ ਹੋਰ ਢੰਗ ਤਰੀਕਿਆਂ ਦਾ ਵਰਨਣ ਕਰਨ ਵਾਲੇ ਅਜਿਹੇ ਲੋਕਾਂ ਅਤੇ ਅਜਿਹੇ ਲੋਕਾਂ ਹੱਥੋਂ ਠੱਗੇ ਜਾਣ ਵਾਲੇ ਲੋਕਾਂ ਤੇ ਕਰਾਰੀਆਂ ਚੋਟਾਂ ਕਰਕੇ ਆਪਣੇ ਕਿਰਦਾਰ ਨਾਲ ਭਰਪੂਰ ਇੰਨਸਾਫ ਕੀਤਾ। ਜੋਗੀ ਸੰਗੇੜਾ ਨੇ ਸ਼ਰਾਬੀ ਦੇ ਰੋਲ ਵਿੱਚ ਉਸ ਵੱਲੋਂ ਕਹੀਆਂ ਸਹਿਜ ਸੁਭਾ ਗੱਲਾਂ ਭਾਂਵੇਂ ਕਿ ਦਰਸ਼ਕਾਂ ਨੂੰ ਰੱਜ ਕੇ ਹਸਾਂਉਂਦੀਆਂ ਸਨ ਤੇ ਉਸ ਦੇ ਬੋਲਾਂ ਚ ਸਮਾਜ ਨੂੰ ਚੰਬੜੀਆਂ ਕਈ ਤਰਾਂ ਦੀਆਂ ਜੋਕਾਂ ਤੇ ਕਰਾਰੇ ਕਟਾਖ ਸਨ ਜਿਹਨਾਂ ਨੇ ਲੋਕਾਂ ਦਾ ਮਨੋਰੰਜਨ ਵੀ ਕੀਤਾ ਅਤੇ ਇਹਨਾਂ ਕੁਰੀਤੀਆਂ ਬਾਰੇ ਸੋਚਣ ਲਈ ਮਜਬੂਰ ਵੀ ਕੀਤਾ। ਅਮਨਦੀਪ ਗੁਜਰਾਲ ਵੱਲੋਂ ਮਲੂਕਾ ਸਿੰਘ ਦੇ ਨਿਭਾਏ ਕਿਰਦਾਰ ਨੇ ਧਾਰਮਿਕ ਸੰਸਥਾਂਵਾਂ ਤੇ ਕਾਬਜ ਜ਼ਾਂ ਕਬਜਾ ਕਰਨ ਲਈ ਯਤਨਸ਼ੀਲ "ਨਿਰਲੱਜ"ਲੋਕਾਂ ਦੇ ਕਿਰਦਾਰ ਨੂੰ ਬਾਖੂਬੀ ਨੰਗਿਆਂ ਕੀਤਾ। ਇਸ ਨਾਟਕ ਦੇ ਬਾਕੀ ਕਲਾਕਾਰਾਂ ਜਿਹਨਾਂ ਚ ਪਰਮਜੀਤ ਦਿਓਲ, ਕੁਲਦੀਪ ਗਰੇਵਾਲ, ਬਲਜਿੰਦਰ ਦਿਓਲ, ਗੁਰਮੀਤ ਰਾਏ, ਇੰਦਰਜੀਤ ਢਿੱਲੋਂ, ਰਾਜ ਪੰਨੂੰ ਅਤੇ ਸ਼ਿੰਦਰਪਾਲ ਬਰਾੜ ਨੇ ਆਪਣੀ ਕਲਾ ਨਾਲ ਇਸ ਨਾਟਕ ਚ ਯੋਗਦਾਨ ਪਾਇਆ। ਸਟੇਜ ਸਕੱਤਰ ਦੀ ਸੇਵਾ ਰਾਜ ਘੁੰਮਣ ਨੇ ਬਾਖੂਬੀ ਨਿਭਾਈ। ਜਸਪਾਲ ਢਿੱਲੋਂ ਨੇ ਆਏ ਦਰਸ਼ਕਾਂ ਅਤੇ ਸਪਾਂਸਰਜ਼ ਦਾ ਧੰਨਵਾਦ ਕੀਤਾ ਅਤੇ ਆਸ ਪਰਗਟ ਕੀਤੀ ਕਿ ਉਹ ਆਪਣੇ ਯੋਗਦਾਨ ਰਾਹੀਂ ਪੰਜਾਬੀ ਥੀਏਟਰ ਨੂੰ ਸੱਤ ਸਮੁੰਦਰ ਪਾਰ ਵੀ ਜਿਊਂਦਾ ਜਾਗਦਾ ਰੱਖਣਗੇ। ਇਸ ਮੌਕੇ ਸਟੇਜ ਤੋਂ ਵਾਰਡ ਨੰਬਰ 9 ਅਤੇ 10 ਤੋਂ ਸਕੂਲ ਟਰੱਸਟੀ ਦੀ ਉਮੀਦਵਾਰ ਬਲਬੀਰ ਸੋਹੀ ਨੇ ਦਰਸ਼ਕਾਂ ਨੂੰ ਵੋਟ ਦੇਣ ਦੀ ਅਪੀਲ ਵੀ ਕੀਤੀ।




# ਕੇਜਰੀਵਾਲ ਨੇ ਪੰਜਾਬ ਦੇ ਵਿਧਾਇਕਾਂ ਤੇ ਆਗੂਆਂ ਨਾਲ ਪੰਜਾਬ ਦੀ ਨਵੀਂ ਰਣਨੀਤੀ ਬਣਾਈ

## * ਸੁੱਚਾ ਸਿੰਘ ਛੋਟੇਪੁਰ ਦਾ ਮੁੱਦਾ ਵੀ ਵਿਚਾਰਿਆ ਗਿਆ

ਚੰਡੀਗੜ੍ਹ, 2 ਅਕਤੂਬਰ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਵਿਧਾਇਕਾਂ ਨਾਲ ਅੱਜ ਮੰਗਲਵਾਰ ਨੂੰ ਦਿੱਲੀ ਵਿਚ ਇੱਕ ਮੀਟਿੰਗ ਕਰਕੇ ਪੰਜਾਬ ਦੇ ਬਾਰੇ ਵਿਚਾਰ ਕੀਤੀ ਅਤੇ ਵਿਧਾਇਕਾਂ ਨੂੰ ਕਿਹਾ ਕਿ ਉਹ ਪੰਜਾਬ ਵਿੱਚ ਦਿੱਲੀ ਮਾਡਲ ਦਾ ਪ੍ਰਚਾਰ ਕਰਨ, ਖ਼ਾਸ ਤੌਰ 'ਤੇ ਦਿੱਲੀ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਤੇ ਸਰਕਾਰੀ ਡਿਸਪੈਂਸਰੀਆਂ 'ਚ ਸੁਧਾਰ ਦੇ ਯਤਨਾਂ ਬਾਰੇ ਪੰਜਾਬ ਦੇ ਲੋਕਾਂ ਨੂੰ ਵੱਧ ਤੋਂ ਵੱਧ ਦੱਸਣ।

ਮਿਲੀ ਜਾਣਕਾਰੀ ਅਨੁਸਾਰ ਦਿੱਲੀ ਵਿਧਾਨ ਸਭਾ ਚੋਣਾਂ ਵੇਲੇ ਤੋਂ ਹੀ ਕੇਜਰੀਵਾਲ ਦੀ ਟੀਮ ਨੇ ਪੰਜਾਬ ਵਿੱਚ ਦਿੱਲੀ ਮਾਡਲ ਦਾ ਪ੍ਰਚਾਰ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਸਫਲ ਨਹੀਂ ਹੋ ਸਕੀ। ਉਸ ਪਿੱਛੋਂ ਲਗਾਤਾਰ ਇਸ ਦੇ ਵਿਧਾਇਕਾਂ ਤੇ ਆਗੂਆਂ ਨੇ ਪੰਜਾਬ ਦੇ ਮੁੱਦਿਆਂ ਨੂੰ ਛੱਡ ਕੇ ਦਿੱਲੀ ਮਾਡਲ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ। ਪੰਜਾਬ ਦੇ ਮੁੱਦਿਆਂ ਨੂੰ ਉਠਾ ਸਕਣ ਅਤੇ ਉਨ੍ਹਾਂ ਬਾਰੇ ਸਰਕਾਰ ਉੱਤੇ ਦਬਾਅ ਬਣਾ ਸਕਣ 'ਚ ਨਾਕਾਮ ਰਹੇ ਆਮ ਆਦਮੀ ਪਾਰਟੀ ਦੇ ਇਨ੍ਹਾਂ ਆਗੂਆਂ ਨੂੰ ਕੇਜਰੀਵਾਲ ਨੇ ਦਿੱਲੀ ਮਾਡਲ ਦੇ ਸਹਾਰੇ ਅਗਲੀ ਲੋਕ ਸਭਾ ਚੋਣਾਂ ਲੜਨ ਦੀ ਸਲਾਹ ਦਿੱਤੀ ਹੈ। ਇਸ ਮੀਟਿੰਗ ਪਿੱਛੋਂ ਪੰਜਾਬ ਅਸੈਂਬਲੀ ਵਿੱਚ ਵਿਰੋਧੀ ਧਿਰ ਦੇ ਐਡਵੋਕੇਟ ਹਰਪਾਲ ਸਿੰਘ ਚੀਮਾ ਨਾਲ ਅਰਵਿੰਦ ਕੇਜਰੀਵਾਲ ਨੇ ਇਸ ਰਾਜ ਦੀ ਪਾਰਟੀ ਦੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦੇ ਮੁੱਦੇ ਬਾਰੇ ਵੀ ਗੱਲ ਕੀਤੀ। ਚੀਮਾ ਨੇ ਸਾਰਾ ਖ਼ੁਲਾਸਾ ਨਹੀਂ ਕੀਤਾ, ਪਰ ਸੂਤਰਾਂ ਮੁਤਾਬਕ ਕੇਜਰੀਵਾਲ ਨੇ ਛੋਟੇਪੁਰ ਦੀ ਵਾਪਸੀ ਬਾਰੇ ਪੂਰੀ ਛੋਟ ਦੇ ਦਿੱਤੀ ਹੈ। ਇਸ ਨਾਲ ਕੇਜਰੀਵਾਲ ਦੀ ਕੋਸ਼ਿਸ਼ ਹੈ ਕਿ ਛੋਟੇਪੁਰ ਨੂੰ ਪਾਰਟੀ ਵਿਚ ਲਿਆ ਕੇ ਖਹਿਰਾ ਧੜੇ ਉਤੇ ਦਬਾਅ ਪਾਇਆ ਜਾਵੇ ਤਾਂ ਪਾਰਟੀ ਮਜ਼ਬੂਤ ਹੋਵੇਗੀ। ਵਰਨਣ ਯੋਗ ਹੈ ਕਿ ਸੁੱਚਾ ਸਿੰਘ ਛੋਟੇਪੁਰ ਨੂੰ ਪਿਛਲੇ ਸਾਲ ਇਸ ਪਾਰਟੀ ਨੇ ਵਿਧਾਨ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਕੱਢ ਦਿੱਤਾ ਸੀ।

ਪੰਜਾਬ ਦੀ ਪਾਰਟੀ ਲਈ ਹਾਈ ਕਮਾਨ ਤੋਂ ਖ਼ੁਦਮੁਖ਼ਤਾਰੀ ਦੀ ਮੰਗ ਕਰਦੇ ਸੁਖਪਾਲ ਸਿੰਘ ਖਹਿਰਾ ਧੜੇ ਦੇ ਅੱਠ ਵਿਧਾਇਕਾਂ ਨੂੰ ਅੱਜ ਦੀ ਮੀਟਿੰਗ ਵਿਚ ਨਹੀਂ ਸੱਦਿਆ ਗਿਆ। ਇਸ ਬਾਰੇ ਖਹਿਰਾ ਨੇ ਕਿਹਾ ਕਿ ਉਨ੍ਹਾਂ ਦਾ ਧੜਾ ਲੋਕਾਂ ਅਤੇ ਵਰਕਰਾਂ ਦੀ ਮੰਗ ਉੱਤੇ ਡਟਿਆ ਰਹੇਗਾ, ਦਿੱਲੀ ਵਿੱਚ ਮੀਟਿੰਗਾਂ ਕਰਕੇ ਕਝ ਵੀ ਹੋਣ ਵਾਲਾ ਨਹੀਂ, ਪੰਜਾਬ 'ਚ ਪੰਜਾਬ ਦੇ ਮੁੱਦਿਆਂ ਨੂੰ ਲੈ ਕੇ ਗੱਲ ਬਣੇਗੀ, ਦਿੱਲੀ ਵਾਲਿਆਂ ਨੂੰ ਇਹ ਗੱਲ ਅਜੇ ਤਕ ਸਮਝ ਨਹੀਂ ਆ ਰਹੀ।

# ਕਾਂਗਰਸ ਵਰਕਿੰਗ ਕਮੇਟੀ ਵੱਲੋਂ ਭਾਜਪਾ ਵਿਰੁੱਧ ਦੂਸਰੇ ਸੁਤੰਤਰਤਾ ਅੰਦੋਲਨ ਦਾ ਹੋਕਾ

ਸੇਵਾਗ੍ਰਾਮ (ਮਹਾਰਾਸ਼ਟਰ), 2 ਅਕਤੂਬਰ, (ਪੋਸਟ ਬਿਊਰੋ)- ਕਾਂਗਰਸ ਵਰਕਿੰਗ ਕਮੇਟੀ (ਸੀ ਡਬਲਯੂ ਸੀ) ਨੇ ਅੱਜ ਏਥੇ ਭਾਰਤ ਦੀ ਮੋਦੀ ਸਰਕਾਰ ਦੀ 'ਨਫ਼ਰਤ ਤੇ ਹਿੰਸਾ ਦੀ ਵਿਚਾਰਧਾਰਾ' ਦੇ ਖ਼ਿਲਾਫ਼ ਇੱਕ ਹੋਰ ਸੁਤੰਤਰਤਾ ਅੰਦੋਲਨ ਵਿੱਢਣ ਦਾ ਸੱਦਾ ਦੇਂਦੇ ਹੋਏ ਕਿਹਾ ਕਿ ਨਫਰਤੀ ਸੋਚ ਕਰ ਕੇ ਮਹਾਤਮਾ ਗਾਂਧੀ ਦੀ ਹੱਤਿਆ ਹੋਈ ਸੀ।

ਮਹਾਤਮਾ ਗਾਂਧੀ ਦੀ 149ਵੀਂ ਜੈਅੰਤੀ ਮੌਕੇ ਮਹਾਰਾਸ਼ਟਰ ਦੇ ਵਰਧਾ ਜ਼ਿਲੇ ਵਿਚਲੇ ਸੇਵਾਗ੍ਰਾਮ ਆਸ਼ਰਮ ਵਿੱਚ ਅੱਜ ਦੀ ਮੀਟਿੰਗ ਦੌਰਾਨ ਸੀ ਡਬਲਯੂ ਸੀ ਨੇ ਕੌਮੀ ਰਾਜਧਾਨੀ ਵਿੱਚ ਰੋਸ ਮੁਜ਼ਾਹਰਾ ਕਰਨ ਆ ਰਹੇ ਕਿਸਾਨਾਂ ਉਤੇ ਲਾਠੀਚਾਰਜ ਦੀ ਵੀ ਨਿਖੇਧੀ ਕੀਤੀ। ਇਸ ਤੋਂ ਪਹਿਲਾਂ 1942 ਵਿੱਚ ਸੇਵਾਗ੍ਰਾਮ ਵਿੱਚ ਮਹਾਤਮਾ ਗਾਂਧੀ ਦੀ ਪ੍ਰਧਾਨਗੀ ਹੇਠ ਸੀ ਡਬਲਯੂ ਸੀ ਦੀ ਮੀਟਿੰਗ ਹੋਈ ਸੀ, ਜਿਸ ਵਿੱਚ 'ਭਾਰਤ ਛੱਡੋ' ਅੰਦੋਲਨ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ।

ਅੱਜ ਏਥੇ ਕਾਂਗਰਸ ਪਾਰਟੀ ਦੇ ਬੁਲਾਰੇ ਰਣਦੀਪ ਸਿੰਘ ਸੁਰਜੇਵਾਲਾ ਨੇ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਮੀਟਿੰਗ ਨੇ ਦੋ ਮਤੇ ਪਾਸ ਕੀਤੇ ਹਨ, ਜਿਨ੍ਹਾਂ ਵਿੱਚ ਭਾਰਤ ਦੇ ਮਨ, ਆਤਮਾ ਤੇ ਤਨ ਨੂੰ ਸਿਰਜਣ ਲਈ ਗਾਂਧੀ ਜੀ ਦੇ ਯੋਗਦਾਨ ਨੂੰ ਯਾਦ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ 'ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦਾ ਦਿੱਤਾ 'ਜੈ ਜਵਾਨ ਜੈ ਕਿਸਾਨ' ਦਾ ਨਾਅਰਾ ਸਿਰਫ ਇੱਕ ਨਾਅਰਾ ਨਹੀਂ, ਜੀਵਨ ਜਾਚ ਹੈ। ਸੁਰਜੇਵਾਲਾ ਨੇ ਕਿਹਾ ਕਿ ਦੂਜਾ ਸੁਤੰਤਰਤਾ ਅੰਦੋਲਨ ਮੋਦੀ ਸਰਕਾਰ ਦੇ ਖ਼ਿਲਾਫ਼ ਵਿੱਢਿਆ ਜਾਵੇਗਾ, ਜਿਹੜੀ ਨਫ਼ਰਤ, ਬਟਵਾਰੇ, ਭੈਅ, ਧਰੁਵੀਕਰਨ, ਅਸਹਿਮਤੀ ਤੇ ਬਹਿਸ ਨੂੰ ਕੁਚਲਣ ਦੀ ਰਾਜਨੀਤੀ ਉੱਤੇ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ 'ਮੋਦੀ ਸਰਕਾਰ ਭਾਰਤ ਦੀ ਬਹੁਲਤਾ ਦੇ ਖ਼ਿਲਾਫ਼ ਹੈ ਤੇ ਬਦਲੇਖੋਰੀ, ਝੂਠ ਤੇ ਧੋਖੇ ਦੀ ਰਾਜਨੀਤੀ ਵਿੱਚ ਗਲਤਾਨ ਹੈ। ਗਾਂਧੀ ਜੀ ਦੇ ਉਪਦੇਸ਼ਾਂ ਦੀਆਂ ਗੱਲਾਂ ਕਰਨੀਆਂ ਸੌਖੀਆਂ ਹਨ ਪਰ ਇਹ ਮੌਕਾਪ੍ਰਸਤੀ ਤੋਂ ਵਧ ਕੇ ਕੁਝ ਨਹੀਂ। ਵਰਕਿੰਗ ਕਮੇਟੀ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਗਾਂਧੀ ਤੇ ਉਨ੍ਹਾਂ ਦੇ ਵਿਚਾਰਾਂ ਨੂੰ ਰੱਜ ਕੇ ਭੰਡਿਆ ਸੀ, ਅੱਜ ਉਹ ਲੋਕ ਬੇਸ਼ਰਮੀ ਨਾਲ ਗਾਂਧੀ ਦਾ ਗੁਣਗਾਨ ਕਰ ਰਹੇ ਹਨ।

ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਇਸ ਮੌਕੇ ਕਿਹਾ ਕਿ ਮੋਦੀ ਸਰਕਾਰ ਨੇ ਵੱਡੇ ਸਰਮਾਏਦਾਰਾਂ ਦੇ 3.20 ਲੱਖ ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕਰ ਦਿੱਤੇ ਹਨ, ਪਰ ਕਿਸਾਨਾਂ ਨੂੰ ਨਵੇਂ ਪੈਸੇ ਦੀ ਵੀ ਰਾਹਤ ਨਹੀਂ ਦਿੱਤੀ। ਜਦੋਂ ਨੋਟਬੰਦੀ ਕੀਤੀ ਤਾਂ 'ਭਾਰਤ ਦੇ ਠੱਗ' ਚੋਰ ਦਰਵਾਜ਼ੇ ਤੋਂ ਆਪਣਾ ਕਾਲਾ ਧਨ ਸਫ਼ੈਦ ਕਰਨ ਲੱਗੇ ਹੋਏ ਸਨ ਅਤੇ ਆਮ ਲੋਕ ਬੈਂਕਾਂ ਦੇ ਬਾਹਰ ਕਤਾਰਾਂ ਵਿੱਚ ਖੜੇ ਸਨ। ਉਨ੍ਹਾਂ ਕਿਹਾ ਕਿ ਰਾਫਾਲ ਮੁੱਦੇ ਉਤੇ ਪ੍ਰਧਾਨ ਮੰਤਰੀ ਮੋਦੀ ਉਨ੍ਹਾਂ ਨਾਲ ਅੱਖ ਮਿਲਾ ਕੇ ਗੱਲ ਨਹੀਂ ਕਰ ਰਹੇ, ਕਿਉਂਕਿ 'ਉਹ ਚੌਕੀਦਾਰ ਨਹੀਂ, ਭਾਗੀਦਾਰ ਹੈ। ਤੁਸੀਂ ਉਨ੍ਹਾਂ ਨੂੰ ਮੌਕਾ ਦਿੱਤਾ, ਪਰ ਉਨ੍ਹਾਂ ਤੁਹਾਡਾ ਭਰੋਸਾ ਤੋੜ ਦਿੱਤਾ ਹੈ। ਕਾਂਗਰਸ ਮਹਾਤਮਾ ਗਾਂਧੀ ਦੀ ਵਿਚਾਰਧਾਰਾ ਰਾਹੀਂ ਭਾਰਤ ਨੂੰ ਅੱਗੇ ਲੈ ਕੇ ਜਾਵੇਗੀ।'

# ਕੁਮੈਂਟਰੀ ਦਾ ਬਾਬਾ ਬੋਹੜ ਸੀ ਜਸਦੇਵ ਸਿੰਘ



-ਪ੍ਰਿੰ. ਸਰਵਣ ਸਿੰਘ-

ਜਸਦੇਵ ਸਿੰਘ ਜਿਹੇ ਬੁਲਾਰੇ ਨਿੱਤ-ਨਿੱਤ ਨਹੀਂ ਜੰਮਦੇ। ਉਹ ਵਿਸ਼ਵਦਾ ਮੰਨਿਆ ਦੰਨਿਆ ਕੁਮੈਂਟੇਟਰ ਸੀ। ਉਸ ਨੂੰ ਇੰਟਰਨੈਸ਼ਨਲ ਉਲੰਪਿਕ ਕਮੇਟੀ ਵੱਲੋਂ ਉਲੰਪਿਕ ਆਰਡਰ ਨਾਲ ਸਨਮਾਨਿਤ ਕੀਤਾ ਗਿਆ। ਭਾਰਤ ਸਰਕਾਰ ਨੇ ਪਦਮ ਸ੍ਰੀ ਤੇ ਪਸਮ ਭੂਸ਼ਨ ਪੁਰਸਕਾਰਾਂ ਨਾਲ ਸਨਮਾਨਿਆ। ਉਸ ਨੇ ਲਗਾਤਾਰ 49 ਸਾਲ ਭਾਰਤ ਦੇ ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ 'ਤੇ ਰੇਡੀਓ/ਟੀਵੀ ਤੋਂ ਕੁਮੈਂਟਰੀ ਕੀਤੀ। ਨਾਲੋ-ਨਾਲ 9 ਉਲੰਪਿਕ ਖੇਡਾਂ, 8 ਵਿਸ਼ਵ ਹਾਕੀ ਕੱਪਾਂ ਤੇ 6 ਏਸ਼ਿਆਈ ਖੇਡਾਂ ਦੀ ਕੁਮੈਂਟਰੀ ਕਰਨ ਲਈ ਦੇਸ ਪਰਦੇਸ ਜਾਂਦਾ ਰਿਹਾ। ਇੰਟਰਨੈਸ਼ਨਲ ਹਾਕੀ ਮੈਚਾਂ ਦੀ ਕੁਮੈਟਰੀ ਕਰਨ 'ਚ ਉਹਦਾ ਕੋਈ ਸਾਨੀ ਨਹੀਂ ਸੀ। ਜਦ ਉਹ ਰੇਡੀਓ/ਟੀਵੀ ਤੋਂ ਹਾਕੀ ਮੈਚਾਂ ਦੀ ਲੱਛੇਦਾਰ ਕੁਮੈਂਟਰੀ ਕਰ ਰਿਹਾ ਹੁੰਦਾ ਤਾਂ ਲੱਖਾਂ ਕਰੋੜਾਂ ਕੰਨ ਉਹਦੀਰਸੀਲੀ ਆਵਾਜ਼ ਸੁਣ ਰਹੇ ਹੁੰਦੇ। ਉਹਦੀ ਆਵਾਜ਼ ਗੇਂਦ ਦੇ ਨਾਲ-ਨਾਲ ਦੌੜਦੀ ਅਤੇ ਮੈਦਾਨ 'ਚ ਮੁੜ੍ਹਕੋ-ਮੁੜ੍ਹਕੀ ਹੁੰਦੇਖਿਡਾਰੀਆਂ ਨਾਲ ਸਾਹੋ-ਸਾਹ ਹੁੰਦੀ। ਉਹਦੇ ਬੋਲਾਂ ਨਾਲ ਸਰੋਤਿਆਂ ਦੀਆਂ ਨਬਜ਼ਾਂ ਤੇਜ਼ ਤੇ ਮੱਠੀਆਂ ਹੁੰਦੀਆਂ ਰਹਿੰਦੀਆਂ। ਕੁਆਲਾਲੰਪੁਰ ਤੋਂਹਾਕੀ ਵਿਸ਼ਵ ਕੱਪ ਜਿੱਤ ਕੇ ਮੁੜੀ ਭਾਰਤੀ ਹਾਕੀ ਟੀਮ ਨਾਲ ਜਸਦੇਵ ਸਿੰਘ ਨੂੰ ਵੇਖ ਕੇ ਇੰਦਰਾ ਗਾਂਧੀ ਨੇ ਕਿਹਾ ਸੀ, "ਸਰਦਾਰ ਸਾਹਿਬ, ਆਪ ਨੇ ਤੋਂ ਹਮਾਰੇ ਦਿਲੋਂ ਕੀ ਧੜਕਨੇਂ ਬੜ੍ਹਾਅ ਦੀ ਥੀਂ।"

ਮੇਰੇ ਖੇਡ ਲੇਖਕ ਬਣਨ ਵਿਚ ਜਸਦੇਵ ਸਿੰਘ ਦੀ ਕੁਮੈਟਰੀ ਦਾ ਵੀਹੱਥ ਹੈ। ਉਹਦੀ ਕੁਮੈਂਟਰੀ ਕਲਾ ਤੋਂ ਮੈਂ ਕਾਫੀ ਕੁਝ ਸਿੱਖਿਆ। ਉਹ ਮੈਥੋਂ ਨੌਂ ਸਾਲ ਵੱਡਾ ਸੀ। ਮੈਂ ਪਹਿਲੀ ਵਾਰ ਉਸ ਨੂੰ 1963 ਵਿਚ ਮਿਲਿਆ ਤੇ ਉਹਦੇ ਮੂੰਹੋਂ ਲਾਲ ਕਿਲੇ ਤੋਂ ਆਜ਼ਾਦੀ ਦਿਵਸ ਦੀ ਕੁਮੈਂਟਰੀ ਸੁਣੀ। ਉਦੋਂ ਮੈਂ ਦਿੱਲੀ ਪੜ੍ਹਦਾ ਸਾਂ ਤੇ ਖੇਡਾਂ ਖਿਡਾਰੀਆਂ ਬਾਰੇ ਲਿਖਣ ਲਈ ਪਰ ਤੋਲ ਰਿਹਾ ਸਾਂ। ਉਸ ਨੇ ਚਾਂਦਨੀ ਚੌਕ ਵੱਲ ਸ਼ੋਭਦੇ ਗੁਰਦਵਾਰਾ ਸੀਸ ਗੰਜ ਸਾਹਿਬ,ਨੇੜਲੇ ਮੰਦਰ ਤੇ ਜਾਮਾ ਮਸਜਿਦ ਸਭਨਾਂ ਦਾ ਜ਼ਿਕਰ ਕੀਤਾ ਸੀ। ਪੰਛੀਆਂ ਦਾ ਉਡਣਾ,ਰੁੱਖਾਂ ਦਾ ਝੂੰਮਣਾ, ਬੱਦਲਾਂ ਦਾ ਤੈਰਨਾ ਤੇ ਤਿਰੰਗੇ ਦਾ ਲਹਿਰਾਉਣਾ ਸਾਰੇ ਦ੍ਰਿਸ਼ ਕੁਮੈਂਟਰੀ ਕਰਦਿਆਂ ਵਿਖਾਏ ਸਨ। ਉਹਦੀ ਜ਼ਬਾਨ ਉਤੇ ਹਿੰਦੀਆਪਣੀ ਮਾਤ ਭਾਸ਼ਾ ਪੰਜਾਬੀ ਵਾਂਗ ਹੀ ਚੜ੍ਹੀ ਹੋਈ ਸੀ। ਸ਼ਬਦ ਆਮੁਹਾਰੇ ਫੁੱਟ-ਫੁੱਟ ਨਿਕਲਦੇ ਸਨ।

ਉਹਦਾ ਜਨਮ ਇੰਜਨੀਅਰਾਂ ਦੇ ਸਿੱਖ ਪਰਿਵਾਰ ਵਿਚ ਹੋਇਆ ਸੀ। ਉਸ ਦੇ ਪਿਤਾ ਸ. ਭਗਵੰਤ ਸਿੰਘ ਤੇ ਮਾਤਾ ਸ੍ਰੀਮਤੀ ਰਜਵੰਤ ਕੌਰ ਸਨ। ਉਦੋਂ ਉਹ ਰਾਜਸਥਾਨ ਵਿਚ ਜੈਪੁਰ ਨੇੜੇ ਪਿੰਡ ਬੌਲੀ ਵਿਚ ਰਹਿੰਦੇ ਸਨ। 18 ਮਈ 1931 ਨੂੰ ਜਸਦੇਵ ਸਿੰਘ ਦਾ ਜਨਮ ਹੋਇਆ। ਮੁੱਢਲੀ ਸਿੱਖਿਆ ਉਸ ਨੇ ਚਾਕਸੂ ਦੇ ਸਕੂਲ ਵਿਚੋਂ ਹਾਸਲ ਕੀਤੀ ਤੇ ਉਚੇਰੀ ਪੜ੍ਹਾਈ ਲਈ ਮਹਾਰਾਜਾ ਕਾਲਜ ਜੈਪੁਰ ਵਿਚ ਦਾਖਲ ਹੋਇਆ।ਉਹਦੀ ਪੜ੍ਹਾਈ ਦਾ ਵਿਸ਼ਾ ਬੇਸ਼ਕ ਉਰਦੂ ਸੀ ਪਰ ਆਲਾ ਦੁਆਲਾ ਜੈਪੁਰੀ ਹਿੰਦੀ ਨਾਲ ਲਬਰੇਜ਼ ਸੀ।ਉਸ ਨੇ 1948 ਵਿਚ ਮਹਾਤਮਾ ਗਾਂਧੀ ਦੇ ਅੰਤਮ ਸਸਕਾਰ ਵੇਲੇ ਮੈਲਵਿਲ ਡੀਮੈਲੋ ਦੀ ਰੇਡੀਓ ਕੁਮੈਂਟਰੀਸੁਣੀ ਜਿਸ ਤੋਂ ਉਹ ਬਹੁਤ ਪ੍ਰਭਾਵਿਤ ਹੋਇਆ। ਉਦੋਂ ਤੋਂ ਹੀ ਉਹਦੇ ਮਨ ਵਿਚ ਰੇਡੀਓਕੁਮੈਂਟੇਟਰ ਬਣਨ ਦੀ ਤਮੰਨਾ ਜਾਗ ਪਈ। ਜਦ ਇਹ ਗੱਲ ਉਸ ਨੇ ਆਪਣੇ ਪਰਿਵਾਰ ਨਾਲ ਸਾਂਝੀ ਕੀਤੀ ਤਾਂ ਇੰਜਨੀਅਰ ਬਾਪ ਹੈਰਾਨ ਹੋਇਆ ਕਿ ਕੁਮੈਂਟਰੀ ਕਿਹੜੇ ਕੰਮਾਂ 'ਚੋਂ ਕੰਮ ਹੋਇਆ! ਉਹਦੀ ਮਾਂ ਬੇਸ਼ਕ ਹਿੰਦੀ ਬੋਲ ਲੈਂਦੀ ਸੀ ਪਰ ਉਸ ਨੇ ਕਿਹਾ ਕਿ ਤੈਨੂੰ ਹਿੰਦੀ ਚੰਗੀ ਤਰ੍ਹਾਂ ਨਹੀਂ ਬੋਲਣੀ ਆਉਣੀ।

ਕਾਲਜ ਦੀ ਪੜ੍ਹਾਈ ਕਰ ਕੇ ਜਸਦੇਵ ਸਿੰਘ ਆਲ ਇੰਡੀਆ ਰੇਡੀਓ ਜੈਪੁਰ ਦੀ ਨੌਕਰੀ ਲਈ ਇੰਟਰਵਿਊ ਦੇਣ ਗਿਆ ਤਾਂ ਪਹਿਲੀ ਵਾਰ ਜੁਆਬ ਮਿਲ ਗਿਆ। 1955 ਵਿਚ ਦੂਜੀ ਵਾਰ ਗਿਆ ਤਾਂ ਰੱਖ ਲਿਆ ਗਿਆ ਪਰ ਰੇਡੀਓ ਤੋਂ ਕੁਮੈਂਟਰੀ ਕਰਨ ਦਾ ਕੋਈ ਮੌਕਾ ਨਾ ਮਿਲਿਆ। ਉਹ ਜੈਪੁਰ ਦੇ ਕਾਲਜਾਂ ਤੇ ਹੋਰ ਖੇਡ ਸਮਾਗਮਾਂ ਉਤੇ ਸ਼ੌਕੀਆ ਕੁਮੈਂਟਰੀ ਕਰਨ ਦਾ ਸ਼ੌਕ ਪਾਲਦਾ ਰਿਹਾ। 1960 ਵਿਚ ਉਸ ਨੂੰ ਜੈਪੁਰ ਦੇ ਇਕ ਫੁੱਟਬਾਲ ਮੈਚ ਦੀ ਕੁਮੈਂਟਰੀ ਕਰਨ ਲਈ ਉਚੇਚਾ ਬੁਲ-ਾਇਆ ਗਿਆ ਜਿਸ ਪਿੱਛੋਂ ਚੱਲ ਸੋ ਚੱਲ ਹੋ ਗਈ। ਉਹਦੀ ਆਵਾਜ਼ ਤੱਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਕੰਨੀਂ ਪਈ ਤਾਂ ਉਸ ਨੇ ਜਸਦੇਵ ਸਿੰਘ ਦੀ ਬਦਲੀ ਦਿੱਲੀ ਕਰਵਾ ਲਈ। 1962-63 ਤੋਂ ਉਹ ਆਲ ਇੰਡੀਆ ਰੇਡੀਓ ਤੋਂ ਆਜ਼ਾਦੀ ਤੇ ਗਣਤੰਤਰ ਦਿਵਸ ਦੀ ਕੁਮੈਂਟਰੀ ਕਰਨ ਵਾਲਾ ਪੱਕਾ ਕੁਮੈਂਟੇਟਰ ਬਣ ਗਿਆ। ਜਿਵੇਂ 1948 ਵਿਚ ਮਹਾਤਮਾਂ ਗਾਂਧੀ ਦੇ ਸਸਕਾਰ ਸਮੇਂ ਮੈਲਵਿਲ ਡੀਮੈਲੋ ਨੇ ਕੁਮੈਂਟਰੀ ਕੀਤੀ ਸੀ ਉਵੇਂ 1964 ਵਿਚ ਪੰਡਤ ਨਹਿਰੂ ਦੇ ਸਸਕਾਰ ਸਮੇਂ ਜਸਦੇਵ ਸਿੰਘ ਨੇ ਕੁਮੈਂਟਰੀ ਕੀਤੀ। ਉਸ ਦੀ ਦਰਦ ਭਰੀ ਜਜ਼ਬਾਤੀ ਆਵਾਜ਼ ਨੇ ਲੱਖਾਂ ਕਰੋੜਾਂ ਲੋਕਾਂ ਦੀਆਂ ਅੱਖਾਂ 'ਚ ਹੰਝੂ ਲਿਆ ਦਿੱਤੇ। ਫਿਰ ਉਸ ਨੂੰ 1964 ਦੀਆਂ ਓਲੰਪਿਕ ਖੇਡਾਂ, 1966 ਦੀਆਂ ਏਸ਼ਿਆਈ ਖੇਡਾਂ ਤੇ 1971 ਦੇ ਹਾਕੀ ਵਰਲਡ ਕੱਪ ਤੋਂ ਲੈ ਕੇ ਵਿਸ਼ਵ ਭਰ ਦੇ ਵੱਡੇ ਖੇਡ ਈਵੈਂਟ ਕਵਰ ਕਰਨ ਦੇ ਮੌਕੇ ਮਿਲਣ ਲੱਗ ਪਏ। ਚਾਰ ਚੁਫੇਰੇ ਜਸਦੇਵ-ਜਸਦੇਵ ਹੋਣ ਲੱਗੀ।

ਮੈਨੂੰ ਡਾ. ਹਰਿਭਜਨ ਸਿੰਘ ਦੀਗੱਲ ਯਾਦ ਆ ਗਈ ਹੈ। ਉਦੋਂ ਮੈਂ ਦਿੱਲੀ ਦੇ ਖ਼ਾਲਸਾ ਕਾਲਜ ਵਿਚ ਲੈਕਚਰਾਰ ਸਾਂ। ਪੰਜਾਬੀ ਦਾ ਕਵੀ ਹਰਿਭਜਨ ਸਿੰਘ ਉਥੇ ਹਿੰਦੀ ਵਿਭਾਗ ਦਾ ਮੁਖੀ ਸੀ। ਉਹ ਮੈਨੂੰ 'ਜੱਟਾ' ਕਹਿ ਕੇ ਬੁਲਾਉਂਦਾ ਸੀ। 'ਆਰਸੀ' ਵਿਚ ਮੇਰੇ ਖਿਡਾਰੀਆਂ ਬਾਰੇ ਛਪਦੇ ਲੇਖ ਪੜ੍ਹ ਕੇ ਤੇ ਕਾਲਜ ਦੀ ਅਥਲੈਟਿਕ ਮੀਟ ਉਤੇ ਕੁਮੈਂਟਰੀ ਸੁਣ ਕੇ ਇਕ ਦਿਨ ਕਹਿਣ ਲੱਗਾ, "ਜੱਟਾ, ਤੈਨੂੰ ਖੇਡਾਂ ਖਿਡਾਰੀਆਂ ਬਾਰੇ ਗੱਲ ਕਰਨੀ ਆਉਂਦੀ ਐ। ਜੇ ਤੂੰ ਇਹੋ ਕੁਝ ਹਿੰਦੀ 'ਚ ਲਿਖੇ/ਬੋਲੇਂ ਤਾਂ ਜਸਦੇਵ ਸਿੰਘ ਵਾਂਗ ਹਵਾਈ ਜਹਾਜ਼ਾਂ 'ਤੇ ਚੜ੍ਹ ਸਕਦੈਂ। ਬੱਲੇ-ਬੱਲੇ ਕਰਵਾ ਸਕਦੈਂ। ਹੁਣ ਤੇਰੇ ਕੋਲ ਸਾਈਕਲ ਐ, ਫਿਰ ਕਾਰ ਸਵਾਰ ਬਣ ਸਕਦੈਂ।"

ਸਲਾਹ ਸਿਆਣੀ ਸੀ ਪਰ ਮੈਂ ਮੰਨੀ ਨਹੀਂ ਸੀ। ਮੈਂ ਆਪਣਾ ਘੋੜਾ ਪੰਜਾਬੀ ਵਿਚ ਹੀ ਦਬੱਲੀ ਰੱਖਿਆ। ਤਿੰਨ ਦਰਜਨ ਕਿਤਾਬਾਂ ਲਿਖੀਆਂ ਗਈਆਂ ਤੇ ਦੇਸ ਪਰਦੇਸ ਦੇ ਕਬੱਡੀ ਮੇਲਿਆਂ ਤੇ ਕੁਮੈਂਟਰੀ ਕਰਨ ਦੇ ਮੌਕੇ ਮਿਲਦੇ ਗਏ। ਹਿੰਦੀ ਦੀ ਥਾਂ ਪੰਜਾਬੀ ਵਿਚ ਹੀ ਲਿਖਦਿਆਂ/ਬੋਲਦਿਆਂ ਮੈਨੂੰ ਪੰਜਾਬੀ ਪਿਆਰਿਆਂ ਨੇ ਕਾਰਾਂ ਤੇ ਹਵਾਈ ਜਹਾਜ਼ਾਂ 'ਤੇ ਚੜ੍ਹਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਜਿਸ ਲਈ ਮੈਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ। ਕਬੱਡੀ ਦੀ ਕੁਮੈਂਟਰੀ ਦਾ ਗੁਰਦਾਸ ਮਾਨ ਕਿਹਾ ਜਾਂਦਾ ਪ੍ਰੋ.ਮੱਖਣ ਸਿੰਘ ਖ਼ੁਦ ਜਸਦੇਵ ਸਿੰਘ ਦੀ ਕੁਮੈਂਟਰੀ ਤੋਂ ਪ੍ਰਭਾਵਤ ਹੋ ਕੇ ਕੁਮੈਂਟਰੀ ਕਰਨ ਲੱਗਾ ਸੀ ਜਿਸ ਦੀ ਰੀਸ ਫਿਰ ਦਰਜਨਾਂ ਕਬੱਡੀ ਕੁਮੈਂਟੇਟਰਾਂ ਨੇ ਕੀਤੀ। ਜਸਦੇਵ ਸਿੰਘ ਕੇਵਲ ਮੈਚ ਹੀ ਨਹੀਂ ਸੀ ਵਿਖਾਉਂਦਾ, ਉਹ ਖੇਡ ਮੈਦਾਨ ਦਾ ਆਲਾ ਦੁਆਲਾ,ਖੇਡ ਦੇ ਨਿਯਮ, ਸਟੇਡੀਅਮ ਦੀਆਂ ਬਾਹੀਆਂ 'ਤੇ ਲਹਿਰਾਉਂਦੇ ਪਰਚਮ, ਖਿੜੀ ਹੋਈ ਧੁੱਪ, ਨੀਲਾ ਅੰਬਰ, ਖੇਡ ਮੈਦਾਨ ਦਾ ਹਰਾ ਭਰਾ ਘਾਹ, ਸਭ ਕੁਝ ਵਿਖਾਉਂਦਾ ਸੀ। ਉਹ ਆਪਣੀ ਕੁਮੈਂਟਰੀ ਵਿਚ ਦਰਸ਼ਕਾਂ ਦੀ ਰੌਣਕ, ਪੰਛੀਆਂ ਦੀ ਚਹਿਚਹਾਟ, ਤਾੜੀਆਂ ਦਾ ਸ਼ੋਰ ਤੇ ਟੀਮਾਂ ਦੇ ਹਮਾਇਤੀਆਂ ਦੀ ਹੱਲਾਸ਼ੇਰੀ ਵੀ ਭਰ ਦਿੰਦਾ ਸੀ। ਆਵਾਜ਼ ਦਾ ਉਤਰਾਅ, ਚੜ੍ਹਾਅ ਤੇ ਠਹਿਰਾਅ, ਗੋਲ ਹੋਣ ਉਤੇ ਆਵਾਜ਼ ਦੀ ਬੁਲੰਦੀ, ਮੈਚ ਜਿੱਤਣ ਵੇਲੇ ਦਾ ਜਲੌਅ ਤੇ ਹਾਰਨ ਵੇਲੇ ਦੀ ਨਮੋਸ਼ੀ ਨੂੰ ਬਿਆਨ ਕਰਨ ਅਤੇ 'ਲੇਕਿਨ' ਕਹਿਣ ਦਾ ਜਸਦੇਵ ਸਿੰਘੀ ਅੰਦਾਜ਼, ਅਜਿਹਾ ਕਲਾਤਮਿਕ ਸੀ ਜੋ ਬਿਆਨੋਂ ਬਾਹਰ ਹੈ। ਕੁਮੈਂਟਰੀ ਦਾ ਉਹ ਬਾਦਸ਼ਾਹ ਹੀ ਨਹੀਂ, ਸ਼ਹਿਣਸ਼ਾਹ ਸੀ।



ਮੈਨੂੰ ਨਵੀਂ ਦਿੱਲੀ-1982 ਦੀਆਂ ਏਸ਼ਿਆਈ ਖੇਡਾਂ ਯਾਦ ਆ ਰਹੀਆਂ ਹਨ। ਜਿੱਦਣ ਭਾਰਤ ਤੇ ਪਾਕਿਸਤਾਨ ਵਿਚਾਲੇ ਹਾਕੀ ਦਾ ਫਾਈਨਲ ਮੈਚ ਹੋਇਆ ਸਾਰੀ ਦਿੱਲੀ ਥਾਏਂ ਖੜ੍ਹ ਗਈ ਸੀ। ਲੋਕ ਟੀਵੀਆਂ ਮੂਹਰੇ ਬੈਠੇ ਸਨ ਜਾਂ ਰੇਡੀਓਤੇ ਟਰਾਂਜ਼ੀਸਟਰਾਂ ਸਿਰ੍ਹਾਣੇ। ਭਾਰਤੀ ਟੀਮ ਦਾ ਕੋਚ-ਮੈਨੇਜਰ ਬਲਬੀਰ ਸਿੰਘ ਹਿੱਕ ਥਾਪੜ ਕੇ ਕਹਿ ਚੁੱਕਾ ਸੀ, ਐਤਕੀਂ ਗੋਲਡ ਮੈਡਲ ਸਾਡਾ ਹੈ। ਦੂਜੇ ਪਾਸੇ ਪਾਕਿਸਤਾਨੀ ਵੀ ਉਡਣੇ ਬਾਜ਼ ਸਨ। ਮੈਚ ਸ਼ੁਰੂ ਹੋਣ ਤੋਂ ਘੰਟਾ ਪਹਿਲਾਂ ਹੀ ਨੈਸ਼ਨਲ ਸਟੇਡੀਅਮ ਕੰਢਿਆਂ ਤਕ ਭਰ ਗਿਆ ਸੀ। ਫਿਲਮੀ ਹੀਰੋ ਅਮਿਤਾਭ ਬੱਚਨ ਦਰਸ਼ਕਾਂ ਦਾ ਧਿਆਨ ਬਦੋਬਦੀ ਖਿੱਚ ਰਿਹਾ ਸੀ। ਪ੍ਰੈੱਸ ਬਾਕਸ ਵਿਚ ਮੇਰੀ ਸੀਟ ਕੁਮੈਂਟੇਟਰ ਜਸਦੇਵ ਸਿੰਘ ਦੇ ਪਿੱਛੇ ਸੀ। ਜਸਦੇਵ ਸਿੰਘ ਪਾਣੀ ਦਾ ਗਿਲਾਸ ਮੰਗ ਰਿਹਾ ਸੀ ਪਰ ਏਨੀ ਭੀੜ 'ਚ ਪਾਣੀ ਕਿਤੋਂ ਮਿਲ ਨਹੀਂ ਸੀ ਰਿਹਾ। ਪੌਣੇ ਤਿੰਨ ਵਜੇ ਸਭ ਗੇਟ ਬੰਦ ਹੋ ਗਏ ਸਨ। ਅੰਦਰ ਦੇ ਅੰਦਰ ਤੇ ਬਾਹਰ ਦੇ ਬਾਹਰ ਰੋਕ ਦਿੱਤੇ ਗਏ। ਜਸਦੇਵ ਸਿੰਘ ਨੂੰ ਹਾਲਾਂ ਤਕ ਖਿਡਾਰੀਆਂ ਦੇ ਨਾਵਾਂ ਦੀ ਸੂਚੀ ਨਹੀਂ ਸੀ ਮਿਲੀ ਤੇ ਉਹ ਪ੍ਰਬੰਧਕਾਂ ਨੂੰ ਕੋਸ ਰਿਹਾ ਸੀ। ਫਿਰ ਉਹ ਪਾਕਿਸਤਾਨ ਦੇ ਕੁਮੈਂਟੇਟਰ ਇਸਲਾਹੁਦੀਨ ਕੋਲ ਗਿਆ ਤੇ ਉਹਦੇ ਕੋਲੋਂ ਖਿਡਾਰੀਆਂ ਦੀ ਸੂਚੀ ਲੈ ਕੇ ਆਇਆ। ਇਸਲਾਹੁਦੀਨ ਅੱਡ ਖ਼ਫ਼ਾ ਹੋਇਆ ਬੈਠਾ ਸੀ। ਉਹਦੀ 'ਹੈਲੋ-ਹੈਲੋ' ਦਾ ਰੇਡੀਓ ਪਾਕਿਸਤਾਨ ਵੱਲੋਂ ਕੋਈ ਜਵਾਬ ਨਹੀਂ ਸੀ ਆ ਰਿਹਾ ਤੇ ਉਹ ਮੱਥੇ 'ਤੇ ਹੱਥ ਮਾਰਦਾ ਭਾਰਤੀ ਟੈਕਨੀਸ਼ਨਾਂ ਵੱਲ ਲਾਲ-ਪੀਲੀਆਂ ਅੱਖਾਂ ਕੱਢ ਰਿਹਾ ਸੀ। ਉਧਰ ਸਟੈਂਡਾਂ ਉਤੇ ਦਰਸ਼ਕਾਂ ਦੀ ਹਾਤ-ਹੂਤ ਦਾ ਏਨਾ ਸ਼ੋਰ ਸੀ ਜਿਵੇਂ ਸਟੇਡੀਅਮ 'ਚ ਭੁਚਾਲ ਆ ਗਿਆ ਹੋਵੇ। ਜਸਦੇਵ ਸਿੰਘ ਨਾਲ ਦੀ ਨਾਲ ਦਰਸ਼ਕਾਂ ਦੇ ਰਉਂ ਦਾ ਨਜ਼ਾਰਾ ਪੇਸ਼ ਕਰੀ ਜਾ ਰਿਹਾ ਸੀ।ਉਧਰ ਸੰਚਾਲਣ ਕਮੇਟੀ ਦੇ ਪ੍ਰਧਾਨ ਬੂਟਾ ਸਿੰਘ ਨੇ ਦਰਸ਼ਕਾਂ ਨੂੰ ਤਿਰੰਗੀਆਂ ਝੰਡੀਆਂ ਨਾਲ ਲੈਸ ਕਰਵਾ ਦਿੱਤਾ ਸੀ।

ਮੈਚ ਸ਼ੁਰੂ ਹੋਇਆ ਤਾਂ ਸਾਰਾ ਸਟੇਡੀਅਮ ਤਿਰੰਗੇ ਰੰਗ ਵਿਚ ਰੰਗਿਆ ਗਿਆ। ਜਦੋਂ ਭਾਰਤ ਦੇ ਖਿਡਾਰੀ ਗੇਂਦ ਲੈ ਕੇ ਅੱਗੇ ਵਧਦੇ ਤਾਂ ਸ਼ੋਰ ਦੀਆਂ ਲਹਿਰਾਂ ਅਕਾਸ਼ੀਂ ਜਾ ਚੜ੍ਹਦੀਆਂ। ਚੌਥੇ ਮਿੰਟ 'ਚ ਹੀ ਭਾਰਤੀ ਟੀਮ ਦੇ ਕਪਤਾਨ ਜ਼ਫਰ ਇਕਬਾਲ ਨੇ ਗੋਲ ਕੀਤਾ ਤਾਂ ਹਜ਼ਾਰਾਂ ਕਿਲਕਾਰੀਆਂ ਵੱਜੀਆਂ। ਪਰ 17ਵੇਂ ਮਿੰਟ 'ਚ ਜਦੋਂਕਲੀਮਉੱਲਾ ਨੇ ਡਾਜ ਮਾਰ ਕੇ ਗੋਲ ਲਾਹਿਆ ਤਾਂ ਪੌੜੀਆਂ ਉਤਲਾ ਸ਼ੋਰਗੁਲ ਵੀ ਸੌਂ ਗਿਆ ਤੇ ਭਾਰਤੀ ਟੀਮ ਦੀ ਵੀ ਜਿਵੇਂ ਫੂਕ ਨਿਕਲ ਗਈ। 19ਵੇਂ ਮਿੰਟ 'ਚ ਪਾਕਿਸਤਾਨੀ ਟੀਮ ਨੇ ਇਕ ਹੋਰ ਗੋਲ ਕੀਤਾ ਤਾਂ ਜਾਣੋ ਦਰਸ਼ਕਾਂ ਦੇ ਮਾਪੇ ਹੀ ਮਰ ਗਏ ਤੇ ਤਿਰੰਗੀਆਂ ਝੰਡੀਆਂ ਬੁੱਕਲਾਂ 'ਚ ਲੁਕੋ ਲਈਆਂ ਗਈਆਂ। ਜਸਦੇਵ ਸਿੰਘ ਨੇ ਧੌਣਪਿੱਛੇ ਘੁਮਾ ਕੇ ਸਾਨੂੰ ਕਿਹਾ, "ਮੈਂ ਸਰਦਾਰ ਬੂਟਾ ਸਿੰਘ ਨੂੰ ਪਹਿਲਾਂ ਈ ਆਖਿਆ ਸੀ ਕਿ ਆਪਾਂ ਹੋਸਟ ਆਂ ਤੇ ਆਪਾਂ ਨੂੰ ਝੰਡੀਆਂ ਵੰਡਣਾ ਸ਼ੋਭਾ ਨਹੀਂ ਦਿੰਦਾ।"ਉਸ ਨੇ ਇਹ ਵੀ ਕਿਹਾ, "ਆਮ ਵੇਖਿਆ ਗਿਐ ਕਿ ਜਦੋਂ ਭਾਰਤ ਪਾਕਿਸਤਾਨ ਸਿਰ ਪਹਿਲਾ ਗੋਲ ਕਰੇ ਤਾਂ ਅਕਸਰ ਹਾਰਦੈ।"

ਜਿਵੇਂ-ਜਿਵੇਂ ਮੈਚ ਅੱਗੇ ਵਧਿਆ ਪਾਕਿਸਤਾਨੀ ਖਿਡਾਰੀ ਹੋਰ ਚੜ੍ਹਦੇ ਗਏ। ਉਨ੍ਹਾਂ ਨੇ ਉਪਰੋਥਲੀ ਸੱਤ ਗੋਲ ਕੀਤੇ ਤੇ ਭਾਰਤੀ ਟੀਮ ਨੂੰ ਉਹਦੇ ਹੀ ਘਰ ਉਹਦੇ ਹਮਾਇਤੀਆਂ ਸਾਹਮਣੇ ਏਨੀ ਸ਼ਰਮਨਾਕ ਹਾਰ ਦਿੱਤੀ ਜਿਸ ਨੂੰ ਭਾਰਤੀ ਖਿਡਾਰੀ ਡਰਾਉਣੇ ਸੁਫ਼ਨੇ ਵਾਂਗ ਕਦੇ ਵੀ ਨਹੀਂ ਭੁੱਲ ਸਕਣਗੇ। ਉੱਦਣ ਜਸਦੇਵ ਸਿੰਘ ਨੂੰ ਮੈਂ ਡਾਢਾ ਉਦਾਸ ਵੇਖਿਆ। ਮੇਰੀ ਬਦਕਿਸਮਤੀ ਹੈ ਕਿ ਉਸ ਤੋਂ ਬਾਅਦ ਮੈਂ ਜਸਦੇਵ ਸਿੰਘ ਦੇ ਦਰਸ਼ਨ ਨਹੀਂ ਕਰ ਸਕਿਆ। ਉਸ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਭਾਰਤ ਦੇ ਰਾਸ਼ਟਰਪਤੀ ਨੇ 1985 ਵਿਚ ਪਦਮ ਸ੍ਰੀ ਤੇ 2008 ਵਿਚ ਪਦਮ ਭੂਸ਼ਨ ਦੇ ਪੁਰਸਕਾਰ ਦਿੱਤੇ। 1988 ਵਿਚ ਸਿਓਲ ਉਲੰਪਿਕਸ ਉਤੇ ਇੰਟਰਨੈਸ਼ਨਲ ਉਲੰਪਿਕ ਕਮੇਟੀ ਦੇ ਪ੍ਰਧਾਨ ਜੁਆਂ ਐਨਟਾਰੀਓ ਸਮਾਰੰਚ ਨੇ ਉਲੰਪਿਕ ਆਰਡਰ ਨਾਲ ਜਸਦੇਵ ਸਿੰਘ ਨੂੰ ਸਨਮਾਨਿਤ ਕੀਤਾ।

ਪਿਛਲੇ ਕੁਝ ਸਮੇਂ ਤੋਂ ਉਹ ਭੁੱਲਣਰੋਗ ਦਾ ਸ਼ਿਕਾਰ ਹੋ ਗਿਆ ਸੀ ਤੇ ਪਰਕਿਨਸਨ ਦਾ ਮਰੀਜ਼ ਵੀ। ਉਹਦੇ ਹੱਥ ਕੰਬਣ ਲੱਗ ਪਏ ਸਨ। ਉਸ ਨੇ ਚੁਰਾਸੀ ਕੱਟ ਲਈ ਸੀ ਤੇ 87ਵੇਂ ਸਾਲ ਵਿਚ ਵਿਚਰ ਰਿਹਾ ਸੀ। ਉਹ 'ਲਿਵਿੰਗ ਲੀਜ਼ਿੰਡ' ਸੀ। 25 ਸਤੰਬਰ 2018 ਨੂੰ ਦਿੱਲੀ ਵਿਚ ਉਸ ਨੇ ਜੀਵਨ ਦਾ ਆਖ਼ਰੀ ਸਾਹ ਲਿਆ ਅਤੇ ਪਤਨੀ, ਪੁੱਤਰ, ਧੀ ਦੇ ਭਰੇ ਪਰਿਵਾਰ ਅਤੇ ਆਪਣੇ ਲੱਖਾਂ ਕਰੋੜਾਂ ਪਰਸੰਸਕਾਂ ਨੂੰ ਅਲਵਿਦਾ ਕਹਿ ਗਿਆ। ਉਹਦੀਆਂ ਗੱਲਾਂ ਦੇਰ ਤਕ ਹੁੰਦੀਆਂ ਰਹਿਣਗੀਆਂ। ਅਜਿਹੇ ਵਿਅਕਤੀ ਨਿੱਤ-ਨਿੱਤ ਨਹੀਂ ਜੰਮਦੇ।

SimConnect FREIGHT MANAGEMENT
HIRING OWNER OPERATORS FOR LAREDO TX & MIDWEST LANES
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles
Company Drivers :
Solo/Team : upto .65 Cents Per Mile
Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3

ਪਿੰਡ ਟੱਲੇਵਾਲ ਜ਼ਿਲ੍ਹਾ ਬਰਨਾਲਾ ਦੀ ਸੰਗਤ ਵਲੋਂ ਸੰਤ ਬਾਬਾ ਲਾਲ ਸਿੰਘ ਜੀ (ਬਰੱਕਤ) ਦੀ ਨਿੱਘੀ ਯਾਦ ਵਿਚ ਸ੍ਰੀ ਅਖੰਡ ਪਾਠ ਸਾਹਿਬ
ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਟੱਲੇਵਾਲ ਜ਼ਿਲ੍ਹਾ ਬਰਨਾਲਾ ਦੀ ਸੰਗਤ ਵਲੋਂ ਸੰਤ ਲਾਲ ਸਿੰਘ ਬਰੱਕਤ ਜੀ ਦੀ ਨਿੱਘੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ 4 ਅਕਤੂਬਰ ਦਿਨ ਵੀਰਵਾਰ ਨੂੰ ਗੁਰਦੁਆਰਾ ਸਾਹਿਬ ਨਾਨਕ ਸਰ ਗੋਰ ਰੋੜ ਤੇ ਕੇਸਲ ਮੋਰ ਦੀ ਇੰਟਰ ਸੈਕਸ਼ਨ ਤੇ 11 ਵਜੇ ਆਰੰਭ ਕੀਤੇ ਜਾ ਰਹਿ ਹਨ ਤੇ ਭੋਗ 6 ਅਕਤੂਬਰ ਦਿਨ ਸ਼ਨਿਚਰਵਾਰ ਨੂੰ 12 ਵਜੇ ਨੂੰ ਪਾਏ ਜਾਣਗੇ। ਉਪਰੰਤ ਕਥਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਆਪਣੇ ਪਰਵਾਰਾਂ ਸਮੇਤ ਗੁਰਦੁਆਰਾ ਸਾਹਿਬ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।
ਨਾਨਕਸਰ ਠਾਠ ਈਸ਼ਰ ਦਰਬਾਰ (ਹਾਲ 4)
9954 Gore Rd, Brampton, ON L6P0A7
ਵਧੇਰੇ ਜਾਣਕਾਰੀ ਲਈ ਕਾਲ ਕਰੋ:
ਨਿਸ਼ਾਨ ਸਿੰਘ ਤੁੰਗ: 647-407-0013
ਜਸਵਿੰਦਰ ਸਿੰਘ: 416-819-5540
ਗਿਆਨ ਸਿੰਘ ਤੁੰਗ: 416-569-2187
ਜਾਂ 905-915-2596 । 905-915-2597

ਮੰਨ ਪਸੰਦ ਦੀ Kitchen and Washroom ਬਣਵਾਓ
Pearson Kitchen & Cabinet
Free Estimate
We Specialize in granite, quartz & marble countertops
100% Satisfaction On Time
We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor
ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

# ਸਿੱਧੂ ਵੱਲੋਂ ਅਫੀਮ ਦੀ ਖੇਤੀ ਦੀ ਮੰਗ ਉਤੇ ਕੈਪਟਨ ਖੁਸ਼

ਚੰਡੀਗੜ੍ਹ, 2 ਅਕਤੂਬਰ (ਪੋਸਟ ਬਿਊਰੋ)- ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੱਧੂ ਨੇ ਅਫੀਮ ਦੀ ਖੇਤੀ ਕਾਨੂੰਨੀ ਕਰਨ ਦੀ ਮੰਗ ਕੀਤੀ ਹੈ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਹ ਖੁਸ਼ ਹਨ ਕਿ ਇਹ ਮੁੱਦਾ ਫਿਰ ਤੋਂ ਉਠਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਬਾਰੇ ਕੇਂਦਰ ਸਰਕਾਰ ਨੂੰ ਰਾਸ਼ਟਰੀ ਡਰੱਗ ਨੀਤੀ ਬਣਾਉਣੀ ਚਾਹੀਦੀ ਹੈ ਅਤੇ ਨੌਜਵਾਨ ਪੀੜ੍ਹੀ ਨੂੰ ਬਚਾਉਣ ਦੇ ਲਈ ਅਜਿਹਾ ਕੀਤਾ ਜਾਣਾ ਜ਼ਰੂਰੀ ਹੈ।

ਵਰਣਨ ਯੋਗ ਹੈ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਲੰਬੇ ਸਮੇਂ ਤੋਂ ਇਸ ਮੰਗ ਨੂੰ ਉਠਾ ਰਹੇ ਹਨ। ਉਨ੍ਹਾਂ ਨੇ ਬੀਤੀ ਜੁਲਾਈ ਵਿੱਚ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਵੀ ਇਸ ਬਾਰੇ ਪੱਤਰ ਲਿਖਿਆ ਸੀ। ਕੈਪਟਨ ਅਮਰਿੰਦਰ ਸਿੰਘ ਨੇ ਇਸ ਨੂੰ ਸਕਾਰ-ਾਤਮਕ ਮੰਨਿਆ ਕਿ ਕੁਝ ਰਾਜਾਂ ਵੱਲੋਂ ਅਫੀਮ ਦੀ ਖੇਤੀ ਦੀ ਵਧਦੀ ਮੰਗ ਦੇ ਕਾਰਨ ਇਹ ਮੁੱਦਾ ਚਰਚਾ ਵਿੱਚ ਆ ਗਿਆ ਹੈ। ਉਨ੍ਹਾਂ ਕਿਹਾ ਕਿ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਰਗੇ ਰਾਜਾਂ ਵਿੱਚ ਅਫੀਮ ਦੀ ਖੇਤੀ ਕੀਤੀ ਜਾਂਦੀ ਹੈ। ਇਹ ਸੂਬੇ ਪੰਜਾਬ ਵਿੱਚ ਮੰਡੀ ਲੱਭਦੇ ਹਨ।



ਉਨ੍ਹਾਂ ਸ਼ੱਕ ਪ੍ਰਗਟ ਕੀਤਾ ਕਿ ਇਸ ਨਾਲ ਪੰਜਾਬ ਦੀ ਨੌਜਵਾਨ ਪੀੜ੍ਹੀ ਤਬਾਹ ਹੋ ਜਾਏਗੀ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਮੁੱਖ ਮੰਤਰੀਆਂ ਦੀ ਕਾਨਫਰੰਸ ਵਿੱਚ ਵੀ ਮੈਂ ਇਹ ਮੁੱਦਾ ਉਠਾਇਆ ਸੀ ਕਿਉਂਕਿ ਨਸ਼ੇ ਦੇ ਖਾਤਮੇ ਲਈ ਸਪੱਸ਼ਟ ਨੀਤੀ ਦੀ ਜ਼ਰੂਰਤ ਹੈ। ਇਸ ਨੀਤੀ ਵਿੱਚ ਨਸ਼ੇ ਦੀ ਖੇਤੀ ਦੀ ਜ਼ਰੂਰਤ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਫਾਰਮਾਸਿਊਟੀਕਲ ਉਦਯੋਗ ਲਈ ਵੀ ਇਸ ਦੀ ਜ਼ਰੂਰਤ ਹੈ। ਅਜਿਹੀ ਨੀਤੀ ਨੂੰ ਤਿਆਰ ਕਰਦੇ ਸਮੇਂ ਕੇਂਦਰ ਨੂੰ ਰਾਜਾਂ ਅਤੇ ਮਾਹਰਾਂ ਨੂੰ ਇਸ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਇਸ ਵਿਚਾਰ-ਵਟਾਂਦਰੇ 'ਤੇ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਕਿ ਉਮੀਦ ਹੈ ਕਿ ਇਸ ਮਾਮਲੇ ਨੂੰ ਹੱਲ ਕਰ ਲਿਆ ਜਾਏਗਾ।

ਅਸਲ ਵਿੱਚ ਨਵਜੋਤ ਸਿੰਘ ਸਿੱਧੂ ਨੇ ਇੱਕ ਦਿਨ ਪਹਿਲਾਂ ਕਿਹਾ ਸੀ ਕਿ ਅਫੀਮ ਦੀ ਖੇਤੀ ਨੂੰ ਕਾਨੂੰਨੀ ਕਰ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਤਾਇਆ ਜੀ ਵੀ ਦਵਾ ਦੇ ਰੂਪ ਵਿੱਚ ਅਫੀਮ ਦੀ ਵਰਤੋਂ ਕਰਦੇ ਸਨ ਅਤੇ ਚੰਗੀ ਜ਼ਿਊਂਦੇ ਰਹੇ ਸਨ। ਅਫੀਮ ਦੀ ਖੇਤੀ ਨਾਲ ਪੰਜਾਬ ਵਿੱਚ ਵਧ ਰਹੀ ਡਰੱਗ ਦੀ ਸਮੱਸਿਆ ਨੂੰ ਰੋਕਿਆ ਜਾ ਸਕਦਾ ਹੈ। ਪਟਿਆਲਾ ਤੋਂ ਪਾਰਲੀਮੈਂਟ ਮੈਂਬਰ ਡਾਕਟਰ ਧਰਮਵੀਰ ਗਾਂਧੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਇਸ ਚਾਂਸਲਰ ਸਰਦਾਰਾ ਸਿੰਘ ਜੌਹਲ ਵੀ ਪੰਜਾਬ ਵਿੱਚ ਰਿਵਾਇਤੀ ਨਸ਼ਿਆਂ ਨੂੰ ਕਾਨੂੰਨੀ ਕਰਨ ਦੀ ਮੰਗ ਚੁੱਕੇ ਹਨ।


# ELECT

ETOBICOKE NORTH
CITY COUNCILLOR WARD 1

ਪਿਛਲੇ 18 ਸਾਲਾਂ ਤੋ Etobicoke ਵਿੱਚ ਹੀ ਰਹਿ ਰਿਹਾ ਹਾਂ ਤੇ ਮੈ ਜਨਤਾ ਦੀ ਆਵਾਜ ਬਣਕੇ ਇਨ੍ਹਾਂ ਮੁਦਿਆਂ ਨੂੰ ਪਹਿਲ ਦੇਵਾਗਾਂ

I'm Advocating for :
- Improve Community Safety
- Transparency & Accountability
- Increase Facilities for Seniors
- Crime Prevention
- Road Safety & Transit
- Improved Healthcare
- Infrastructure

"ETOBICOKE FIRST"

SHIRISH PATEL

Cell: 647-296-5681 voteforshirish.ca
Strong Voice. Strong Communities.


## ਸਿੰਗਰ ਪਰਮੀਸ਼ ਵਰਮਾ ਉੱਤੇ ਹਮਲੇ ਦੇ ਕੇਸ ਵਿੱਚ ਇੱਕ ਔਰਤ ਵੀ ਗ੍ਰਿਫਤਾਰ

ਮੋਹਾਲੀ, 2 ਅਕਤੂਬਰ (ਪੋਸਟ ਬਿਊਰੋ)- ਪੰਜਾਬੀ ਸਿੰਗਰ ਅਤੇ ਐਕਟਰ ਪਰਮੀਸ਼ ਵਰਮਾ ਉਤੇ 14 ਅਪ੍ਰੈਲ 2018 ਦੀ ਰਾਤ ਹੋਏ ਹਮਲੇ ਦੇ ਪਿੱਛੇ ਇੱਕ ਔਰਤ ਦਾ ਵੀ ਹੱਥ ਸੀ। ਖੁੱਡਾ ਲੁਹਾਰਾ ਦੀ ਦੋਸ਼ੀ ਰੇਨੂੰ ਇਸ ਕੇਸ ਦੇ ਫਰਾਰ ਗੈਂਗਸਟਰ ਲੱਕੀ ਦੀ ਪਤਨੀ ਹੈ। ਇਸ ਦਾ ਖੁਲਾਸਾ ਰੋਪੜ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦੇ ਗਏ ਗੈਂਗਸਟਰ ਆਕਾਸ਼ਰ ਨੇ ਪੁੱਛਗਿੱਛ ਵਿੱਚ ਕੀਤਾ ਹੈ। ਪੁਲਸ ਨੇ ਰੇਨੂੰ ਨੂੰ ਹਿਰਾਸਤ ਵਿਚ ਲੈ ਲਿਆ ਹੈ।

ਦੱਸਿਆ ਗਿਆ ਹੈ ਕਿ ਰੇਨੂੰ ਖੁੱਡਾ ਲੁਹਾਰਾ ਦੇ ਇਲਾਵਾ ਪੀ ਜੀ ਆਈ ਦੇ ਸਰਕਾਰੀ ਮਕਾਨ ਵਿੱਚ ਵੀ ਰਹਿੰਦੀ ਸੀ ਕਿਉਂਕਿ ਗੈਂਗਸਟਰ ਲੱਕੀ ਦੇ ਪਿਤਾ ਪੀ ਜੀ ਆਈ ਵਿੱਚ ਸਕਿਓਰਿਟੀ ਵਿੱਚ ਤੈਨਾਤ ਸਨ ਅਤੇ ਉਨ੍ਹਾਂ ਨੂੰ ਪੀ ਜੀ ਆਈ ਵਿੱਚ ਘਰ ਮਿਲਿਆ ਹੋਇਆ ਸੀ। ਨਾਮਜ਼ਦ ਗੈਂਗਸਟਰਾਂ ਵਿੱਚੋਂ ਦਿਲਪ੍ਰੀਤ ਸਿੰਘ ਉਰਫ ਬਾਬਾ, ਆਕਾਸ਼ ਨੂੰ ਫੜਿਆ ਜਾ ਚੁੱਕਾ ਹੈ। ਗੈਂਗਸਟਰ ਰਿੰਦਾ, ਲੱਕੀ ਅਤੇ ਸੁਖਪ੍ਰੀਤ ਸਿੰਘ ਉਰਫ ਬੁੱਢਾ ਫਰਾਰ ਹਨ। ਪਰਮੀਸ਼ ਵਰਮਾ ਉਤੇ ਗੈਂਗਸਟਰ ਦਿਲਪ੍ਰੀਤ ਸਿੰਘ ਢਾਹਾ ਉਰਫ ਬਾਬਾ, ਰਿੰਦਾ, ਆਕਾਸ਼, ਲੱਕੀ ਅਤੇ ਸੁਖਪ੍ਰੀਤ ਸਿੰਘ ਉਰਫ ਬੁੱਢਾ ਨੇ 14 ਅਪ੍ਰੈਲ ਦੀ ਰਾਤ ਨੂੰ ਮੋਹਾਲੀ ਦੇ ਸੈਕਟਰ 91 ਵਿੱਚ ਫਾਇਰਿੰਗ ਕੀਤੀ ਸੀ। ਹਮਲੇ ਤੋਂ ਚਾਰ ਦਿਨ ਪਹਿਲਾਂ ਸਾਰਿਆਂ ਨੇ ਮਿਲ ਕੇ ਪਹਿਲਾਂ ਚੰਡੀਗੜ੍ਹ ਦੇ ਸੈਕਟਰ 38 ਵਿੱਚ ਮੀਟਿੰਗ ਕੀਤੀ ਅਤੇ ਉਸ ਦੇ ਬਾਅਦ ਗੈਂਗਸਟਰ ਲੱਕੀ ਦੇ ਘਰ ਖੁੱਡਾ ਲੁਹ-ਾਰਾ ਵਿੱਚ ਮਿਲੇ ਸਨ। ਪੁਲਸ ਸੂਤਰਾਂ ਅਨੁਸਾਰ ਮੀਟਿੰਗ ਵਿੱਚ ਸ਼ਾਮਲ ਰੇਨੂੰ ਨੇ ਸਲਾਹ ਦਿੱਤੀ ਕਿ ਕਿਵੇਂ ਵੀਹ ਲੱਖ ਰੁਪਏ ਫਿਰੌਤੀ ਲੈਣੀ ਹੈ।

# ਸਕੂਲੀ ਸਿੱਖਿਆ ਦੀ ਰੈਸ਼ਨੇਲਾਈਜ਼ੇਸ਼ਨ ਨੀਤੀ ਨੂੰ ਹਾਈ ਕੋਰਟ ਵਿੱਚ ਚੁਣੌਤੀ

ਚੰਡੀਗੜ੍ਹ, 2 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਸਿੱਖਿਆ ਵਿਭਾਗ ਵੱਲੋਂ ਇਕ ਮਹੀਨਾ ਪਹਿਲਾਂ ਅਧਿਆਪਕਾਂ ਦੀ ਨਿਯੁਕਤੀ ਬਾਰੇ ਬਣਾਈ ਰੈਸ਼ਨੇਲਾਈਜ਼ੇਸ਼ਨ ਨੀਤੀ ਨੂੰ ਪੰਜਾਬ ਹਰਿਆਣਾ ਹਾਈ ਕੋਰਟ 'ਚ ਚੁਣੌਤੀ ਦਿੱਤੀ ਗਈ ਹੈ। ਇਹ ਪਟੀਸ਼ਨ ਮੁਹਾਲੀ ਜ਼ਿਲੇ ਦੇ ਦੋ ਮਿਡਲ ਸਕੂਲਾਂ ਵਿੱਚ ਪੜ੍ਹਦੇ 12 ਵਿਦਿਆਰਥੀਆਂ ਦੇ ਮਾਪਿਆਂ ਨੇ ਪਾਈ ਹੈ, ਪਰ ਸਮੁੱਚੇ ਪੰਜਾਬ ਦੇ ਮਿਡਲ ਸਕੂਲਾਂ 'ਚ ਛੇਵੀਂ ਤੋਂ ਅੱਠਵੀਂ ਤੱਕ ਦੀਆਂ ਜਮਾਤਾਂ 'ਚ ਪੜ੍ਹਦੇ ਬੱਚਿਆਂ ਬਾਰੇ ਸੁਆਲ ਹੋ ਗਿਆ ਕਿ ਜੇ ਇਹ ਬੱਚੇ ਇੰਜੀਨੀਅਰਿੰਗ ਕਰਨ ਦੇ ਚਾਹਵਾਨ ਹੋਣ ਤਾਂ ਉਨ੍ਹਾਂ ਨੂੰ ਮਿਆਰੀ ਸਿੱਖਿਆ ਕਿਵੇਂ ਮਿਲੇਗੀ?

ਪਤਾ ਲੱਗਾ ਹੈ ਕਿ ਇਸ ਪਟੀਸ਼ਨ ਵਿੱਚ ਸੁਆਲ ਕੀਤਾ ਗਿਆ ਹੈ ਕਿ ਛੇਵੀਂ ਤੋਂ ਅੱਠਵੀਂ ਤੱਕ ਮਿਡਲ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਵਿਗਿਆਨ ਵਿਸ਼ੇ ਦੇ ਉਹ ਅਧਿਆਪਕ ਮੈਥ ਕਿਵੇਂ ਪੜ੍ਹਾ ਸਕਣਗੇ, ਜਿਨ੍ਹਾਂ ਨੇ ਖੁਦ ਸਿਰਫ 10ਵੀਂ ਤੱਕ ਮੈਥ ਪੜ੍ਹਿਆ ਹੋਵੇ ਅਤੇ ਉਹ ਵੀ ਕਈ ਸਾਲ ਪਹਿਲਾਂ ਪੜ੍ਹਿਆ ਹੈ। ਇਸ ਪਟੀਸ਼ਨ 'ਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਤੇ




ਸਿੱਖਿਆ ਵਿਭਾਗ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗ ਲਿਆ ਹੈ।

ਮੁਹਾਲੀ ਜ਼ਿਲੇ ਦੇ ਡੇਰਾਬੱਸੀ ਖੇਤਰ ਦੇ ਪਿੰਡ ਸਿਓਲੀ ਦੇ ਮਿਡਲ ਸਕੂਲ ਤੇ ਮੁਹਾਲੀ ਖੇਤਰ ਦੇ ਪਿੰਡ ਬੱਲੋ ਮਾਜਰਾ ਦੇ ਮਿਡਲ ਸਕੂਲਾਂ 'ਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਵਿੱਚੋਂ ਗੁਰਭੇਜ ਸਿੰਘ ਤੇ 12 ਹੋਰਨਾਂ ਨੇ ਐਡਵੋਕੇਟ ਹਰੀ ਚੰਦ ਰਾਹੀਂ ਦਾਖਲ ਕਰਵਾਈ ਪਟੀਸ਼ਨ 'ਚ 29 ਅਗਸਤ ਨੂੰ ਜਾਰੀ ਰੈਸ਼ਨੇਲਾਈਜ਼ੇਸ਼ਨ ਨੀਤੀ ਨੂੰ ਚੁਣੌਤੀ ਦਿੰਦਿਆਂ ਹਾਈ ਕੋਰਟ ਦਾ ਧਿਆਨ ਦਿਵਾਇਆ ਹੈ ਕਿ ਮਿਡਲ ਸਕੂਲਾਂ ਵਿੱਚ ਸਮਾਜਿਕ ਸਿੱਖਿਆ, ਸਾਇੰਸ (ਮੈਡੀਕਲ), ਪੰਜਾਬੀ ਤੇ ਹਿੰਦੀ ਟੀਚਰਾਂ ਦੀਆਂ ਚਾਰ ਅਸਾਮੀਆਂ ਹੋਣਗੀਆਂ ਤੇ ਇਹ ਤੈਅ ਕੀਤਾ ਗਿਆ ਹੈ ਕਿ ਮੈਥ ਨਾਲ ਬੀ ਏ ਪਾਸ ਕੋਈ ਟੀਚਰ ਮਿਡਲ ਸਕੂਲ ਵਿੱਚ ਨਹੀਂ ਲਾਇਆ ਜਾਵੇਗਾ। ਇਸ ਪਟੀਸ਼ਨ ਵਿੱਚ ਹਾਈ ਕੋਰਟ ਨੂੰ ਦੱਸਿਆ ਗਿਆ ਹੈ ਕਿ ਇਸ ਤੋਂ ਪਹਿਲਾਂ ਦੀ ਨੀਤੀ ਮੁਤਾਬਕ ਮਿਡਲ ਸਕੂਲ ਵਿੱਚ ਸਾਇੰਸ (ਨਾਨ ਮੈਡੀਕਲ) ਅਧਿਆਪਕ ਜਾਂ ਮੈਥ ਦਾ ਟੀਚਰ ਹੁੰਦਾ ਸੀ। ਦੋਸ਼ ਲਾਇਆ ਹੈ ਕਿ ਪਹਿਲੀ ਨੀਤੀ ਵਿੱਚ ਬਦਲਾਅ ਕਰਕੇ ਸਰਕਾਰੀ ਮਿਡਲ ਸਕੂਲਾਂ ਵਿੱਚ ਸਾਇੰਸ (ਨਾਨ ਮੈਡੀਕਲ) ਤੇ ਮੈਥ ਦੇ ਟੀਚਰ ਦੀ ਥਾਂ ਅੱਗੇ ਤੋਂ ਸਿਰਫ ਸਾਇੰਸ (ਮੈਡੀਕਲ) ਦਾ ਟੀਚਰ ਰੱਖਣ ਦੀ ਤਜਵੀਜ਼ ਬਣਾ ਦਿੱਤੀ ਗਈ ਹੈ।

ਇਸ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇਸ ਤਰ੍ਹਾਂ ਛੇਵੀਂ ਤੋਂ ਅੱਠਵੀਂ ਤੱਕ ਪੜ੍ਹਦੇ ਵਿਦਿਆਰਥੀਆਂ ਨੂੰ ਮੈਥ ਪੜ੍ਹਾਉਣ ਵਾਲੇ ਸਾਇੰਸ (ਮੈਡੀਕਲ) ਅਧਿਆਪਕ ਹੀ ਹੋਣਗੇ, ਜਿਨ੍ਹਾਂ ਨੇ ਖੁਦ 10ਵੀਂ ਤੱਕ ਕਈ ਸਾਲ ਪਹਿਲਾਂ ਮੈਥ ਪੜ੍ਹਿਆ ਹੈ ਤੇ ਇਸ ਨਾਲ ਛੇਵੀਂ ਤੋਂ ਅੱਠਵੀਂ ਤੱਕ ਪੜ੍ਹਦੇ ਉਨ੍ਹਾਂ ਬੱਚਿਆਂ ਦਾ ਭਵਿੱਖ ਦਾਅ 'ਤੇ ਲੱਗਦਾ ਹੈ, ਜਿਨ੍ਹਾਂ ਦੀ ਇੱਛਾ ਇੰਜੀਨੀਅਰਿੰਗ ਕਰਨ ਦੀ ਹੋਵੇ, ਕਿਉਂਕਿ ਉਨ੍ਹਾਂ ਨੂੰ 10ਵੀਂ ਤੱਕ ਮੈਥ ਪੜ੍ਹੇ ਸਾਇੰਸ (ਮੈਡੀਕਲ) ਟੀਚਰਾਂ ਕੋਲੋਂ ਮੈਥ ਦੀ ਉਸ ਪੱਧਰ ਦੀ ਸਿੱਖਿਆ ਹਾਸਲ ਨਹੀਂ ਹੋ ਸਕੇਗੀ, ਜਿਹੜੀ ਇੰਜੀਨੀਅਰਿੰਗ ਕਰਨ ਲਈ ਲੋੜੀਂਦੀ ਹੈ।

# ਆਪਣਾ ਪਾਰਟਨਰ ਬਣਾ ਕੇ ਕੈਨੇਡਾ ਭੇਜਣ ਦੇ ਨਾਂਅ ਉੱਤੇ ਨੌਜਵਾਨ ਕੋਲੋਂ 16 ਲੱਖ ਠੱਗੇ

ਜਲੰਧਰ, 2 ਅਕਤੂਬਰ (ਪੋਸਟ ਬਿਊਰੋ)- ਆਪਣਾ ਐਕਸਪੋਰਟ ਦੇ ਕਾਰੋਬਾਰ ਦਾ ਭਾਈਵਾਲ ਬਣਾ ਕੇ ਕੈਨੇਡਾ 'ਚ ਸੈਟਲ ਕਰਨ ਦਾ ਝਾਂਸਾ ਦੇ ਕੇ ਇੱਕ ਨੌਜਵਾਨ ਤੋਂ 16 ਲੱਖ ਰੁਪਏ ਠੱਗਣ ਵਾਲੇ ਟਰੈਵਲ ਏਜੰਟ 'ਤੇ ਥਾਣਾ ਨੰਬਰ ਸੱਤ ਦੀ ਪੁਲਸ ਨੇ ਕੇਸ ਦਰਜ ਕਰ ਲਿਆ ਹੈ। ਮੁਲਜ਼ਮ ਦੀ ਅਜੇ ਗ੍ਰਿਫਤਾਰੀ ਨਹੀਂ ਹੋ ਸਕੀ।

ਅਗਸਤ 2016 ਵਿੱਚ ਪ੍ਰਾਪਰਟੀ ਦਾ ਕੰਮ ਕਰਨ ਵਾਲੇ ਪਰਮਜੀਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਗੋਲਡਨ ਐਵੇਨਿਊ ਫੇਜ਼-2 ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸ ਦੇ ਦੋਸਤ ਸਰਵਣ ਸਿੰਘ ਵਾਸੀ ਲੁਧਿਆਣਾ ਦੇ ਦਫਤਰ ਵਿੱਚ 2015 ਵਿੱਚ ਉਸ ਦੀ ਮੁਲਾਕਾਤ ਸਾਹਿਬਜੀਤ ਸਿੰਘ ਉਰਫ ਹੈਰੀ ਪੁੱਤਰ ਮਲਕੀਤ ਸਿੰਘ ਵਾਸੀ ਲੁਧਿਆਣਾ ਨਾਲ ਹੋਈ ਸੀ। ਹੈਰੀ ਨੇ ਕਿਹਾ ਸੀ ਕਿ ਉਹ ਐਕਸਪੋਰਟ ਦਾ ਕੰਮ ਕਰਦਾ ਹੈ ਤੇ ਕਿਸੇ ਨੂੰ ਵੀ ਕੈਨੇਡਾ ਸੈਟਲ ਕਰਵਾ ਸਕਦਾ ਹੈ। ਪਰਮਜੀਤ ਸਿੰਘ ਨੇ ਆਪਣੇ ਮਾਮਾ ਕਪੂਰ ਸਿੰਘ ਵਾਸੀ ਗੁਰਦਾਸਪੁਰ ਨੂੰ ਦੱਸਿਆ ਤਾਂ ਕਪੂਰ ਸਿੰਘ ਆਪਣੇ ਬੇਟੇ ਹਰਸਿਮਰਨਜੀਤ ਸਿੰਘ ਨੂੰ ਕੈਨੇਡਾ ਭੇਜਣ ਲਈ ਮੰਨ ਗਏ। 30 ਮਈ 2015 ਨੂੰ ਕਪੂਰ ਸਿੰਘ ਆਪਣੇ ਬੇਟੇ ਨੂੰ ਲੈ ਕੇ ਜਲੰਧਰ ਆਏ ਤਾਂ ਉਨ੍ਹਾਂ ਦੀ ਹੈਰੀ ਨਾਲ ਮੁਲਾਕਾਤ ਹੋਈ। ਹੈਰੀ ਨੇ ਹਰਸਿਮਰਨਜੀਤ ਸਿੰਘ ਨੂੰ ਆਪਣੀ ਕੰਪਨੀ ਦਾ ਪਾਰਟਨਰ ਬਣਾ ਲਿਆ। ਕਾਫੀ ਸਮਾਂ ਬੀਤਣ 'ਤੇ ਜਦੋਂ ਹੈਰੀ ਕੋਲੋਂ ਕੇਸ ਦਾ ਸਟੇਟਸ ਪੁੱਛਿਆ ਗਿਆ ਤਾਂ ਉਸ ਨੇ ਕੰਮ ਨਾ ਹੋਣ ਬਾਰੇ ਕਹਿ ਕੇ ਪਾਸਪੋਰਟ ਵਾਪਸ ਭੇਜ ਦਿੱਤਾ, ਪਰ ਪੈਸੇ ਨਹੀਂ ਦਿੱਤੇ। ਇਸ ਤੋਂ ਬਾਅਦ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ ਤਾਂ ਹੈਰੀ ਨੇ ਢਾਈ ਲੱਖ ਰੁਪਏ ਕੈਸ਼ ਅਤੇ ਪੰਜ ਲੱਖ ਰੁਪਏ ਦਾ ਚੈਕ ਦੇ ਦਿੱਤਾ। ਚੈੱਕ ਬੈਂਕ ਵਿੱਚ ਲਾਉਣ ਉਤੇ ਬਾਊਂਸ ਹੋ ਗਿਆ। ਦੇਣ ਤੋਂ ਕਾਫੀ ਸਮੇਂ ਬਾਅਦ ਕੱਲ੍ਹ ਥਾਣਾ ਨੰਬਰ ਸੱਤ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ।


BANKRUPTCY, PROPOSAL, R9.........
no problem!
we will fix your credit

TNG SUNRISE SERVICES INC.

Tarun Genda(Kumar)
Tel:905-781-5292
Cell: 416-305-1290

TNG

PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property

CREDIT REPAIR:
Fix your Credit, Bankruptcy, Proposal, Collections, R-9 and Late payments.

CREDIT CONSULTING:
We do Settlement, Filling Bankruptcy & Proposals

ACCOUNTING:
Tax File get Maximum refund for personal & Bussiness

email: tngservices1@hotmail.com

Golden gate plaza
100 Pertosa Drive, Suite 211
Brampton, ON. L6X 0H9



Condo Townhouse for sale.

$559,000
100 Brickyard Way Unit #66, Brampton

ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਉਨ ਹਾਉਸ

A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities

KAMAL SANDHU
Sales Representative
647.891.0143
905.488.2100 ext. 407
www.arearealtor.com
realtorkamalsandhu@gmail.com

Century 21 President Realty Inc. Brokerage*
Looking For a Nest..? Call the Best



UPPAL LAW
FREE CONSULTATION !
Avtar Uppal
Manager
Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ

- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS

www.jeyatransport.com

202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com



# ਈ ਡੀ ਵੱਲੋਂ ਪੰਜ ਦੇਸ਼ਾਂ ਵਿੱਚ ਨੀਰਵ ਮੋਦੀ ਦੀ 637 ਕਰੋੜ ਦੀ ਜਾਇਦਾਦ ਜ਼ਬਤ

ਨਵੀਂ ਦਿੱਲੀ, 2 ਅਕਤੂਬਰ (ਪੋਸਟ ਬਿਊਰੋ)- ਪੰਜਾਬ ਨੈਸ਼ਨਲ ਬੈਂਕ ਵਿੱਚ ਭਾਰਤ ਦੇ ਸਭ ਤੋਂ ਵੱਡੇ ਬੈਂਕਿੰਗ ਘੁਟਾਲੇ ਦੇ ਮੁੱਖ ਦੋਸ਼ੀ ਨੀਰਵ ਮੋਦੀ ਦੇ ਖਿਲਾਫ ਭਾਰਤ ਸਣੇ ਪੰਜ ਦੇਸ਼ਾਂ ਵਿੱਚ ਵੱਡੀ ਕਾਰਵਾਈ ਕੀਤੀ ਗਈ ਹੈ। ਇਸ ਦੌਰਾਨ ਨੀਰਵ ਮੋਦੀ ਤੇ ਉਸ ਦੇ ਪਰਵਾਰ ਦੀ 637 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕਰ ਲਈ ਗਈ ਹੈ।



ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਦੱਸਿਆ ਹੈ ਕਿ ਭਾਰਤ, ਬ੍ਰਿਟੇਨ ਅਤੇ ਅਮਰੀਕਾ ਦੇ ਨਾਲ ਕੁਝ ਹੋਰ ਦੇਸ਼ਾਂ ਵਿੱਚੋਂ ਨੀਰਵ ਮੋਦੀ ਦੀ ਜਾਇਦਾਦ, ਗਹਿਣੇ, ਫਲੈਟ ਤੇ ਬੈਂਕਾਂ ਵਿੱਚ ਜਮ੍ਹਾਂ ਰਕਮਾਂ ਨੂੰ ਜ਼ਬਤ ਕੀਤਾ ਗਿਆ ਹੈ। ਇਸ ਤਰ੍ਹਾਂ ਦੇ ਬਹੁਤ ਘੱਟ ਮਾਮਲੇ ਹਨ, ਜਦੋਂ ਅਪਰਾਧਿਕ ਕੇਸਾਂ ਵਿੱਚ ਭਾਰਤੀ ਏਜੰਸੀਆਂ ਨੇ ਵਿਦੇਸ਼ਾਂ ਵਿੱਚ ਵੀ ਜਾਇਦਾਦਾਂ ਨੂੰ ਜ਼ਬਤ ਕੀਤਾ ਹੋਵੇ। ਨਿਊਯਾਰਕ (ਅਮਰੀਕਾ) ਵਿੱਚ ਨੀਰਵ ਮੋਦੀ ਦੀ 216 ਕਰੋੜ ਰੁਪਏ ਦੀਆਂ ਦੋ ਅਚੱਲ ਜਾਇਦਾਦਾਂ ਨੂੰ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ (ਪੀ ਐਮ ਐਲ ਏ) ਕਾਨੂੰਨ ਹੇਠ ਈ ਡੀ ਨੇ ਜ਼ਬਤ ਕੀਤਾ ਹੈ। ਲੰਡਨ (ਬ੍ਰਿਟੇਨ) ਵਿੱਚ 56.97 ਕਰੋੜ ਰੁਪਏ ਦਾ ਫਲੈਟ ਜ਼ਬਤ ਕੀਤਾ ਗਿਆ ਹੈ। ਏਜੰਸੀ ਦੇ ਇਕ ਸੀਨੀਅਰ ਅਧਿਕਾਰੀ ਮੁਤਾਬਕ ਇਸੇ ਮਾਮਲੇ ਵਿੱਚ ਹਵਾਲਾ ਕੇਸ ਦੇ ਦੋਸ਼ੀ ਅਦਿੱਤਿਆ ਨਾਨਾਵਟੀ ਦੇ ਖਿਲਾਫ ਇੰਟਰਪੋਲ ਨੇ 'ਰੈਡ ਕਾਰਨਰ' ਨੋਟਿਸ ਜਾਰੀ ਕੀਤਾ ਹੈ। ਇਸ ਸੀਨੀਅਰ ਈ ਡੀ ਅਧਿਕਾਰੀ ਦੱਸਿਆ ਕਿ ਹਾਂਗਕਾਂਗ ਤੋਂ 22.69 ਕਰੋੜ ਰੁਪਏ ਦੀ ਕੀਮਤ ਦੇ ਹੀਰਿਆਂ ਦੇ ਗਹਿਣੇ ਲਿਆਂਦੇ ਹਨ। ਈ ਡੀ ਦੀ ਰਿਪੋਰਟ ਅਨੁਸਾਰ ਜਨਵਰੀ ਵਿੱਚ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੇ ਨੀਰਵ ਮੋਦੀ ਦੇ ਖਿਲਾਫ ਕੇਸ ਦਰਜ ਕਰਨ ਤੋਂ ਬਾਅਦ ਗਹਿਣਿਆਂ ਦਾ ਇਕ ਸਟਾਕ ਹਾਂਗਕਾਂਗ ਭੇਜਿਆ ਗਿਆ ਸੀ, ਇਸ ਨੂੰ ਨੀਰਵ ਮੋਦੀ ਨੇ ਹਾਂਗਕਾਂਗ ਦੀ ਇਕ ਨਿੱਜੀ ਕੰਪਨੀ ਦੇ 'ਵਾਲਟ' ਵਿੱਚ ਰੱਖਿਆ ਸੀ। ਜਾਂਚ ਏਜੰਸੀ ਨੇ ਕੰਪਨੀ ਤੇ ਉਸ ਦੇ ਮੁੱਖ ਦਫਤਰ ਲੰਡਨ ਨਾਲ ਸੰਪਰਕ ਕੀਤਾ ਅਤੇ ਕਾਫੀ ਜੱਦੋ ਜਹਿਦ ਤੋਂ ਬਾਅਦ ਇਹ ਗਹਿਣੇ ਸਫਲਤਾ ਪੂਰਵਕ ਭਾਰਤ ਲਿਆਉਣ ਵਿੱਚ ਕਾਮਯਾਬ ਰਹੇ। ਦੱਖਣੀ ਮੁੰਬਈ ਵਿੱਚ ਈ ਡੀ ਨੇ 19.5 ਕਰੋੜ ਰੁਪਏ ਦਾ ਫਲੈਟ ਜ਼ਬਤ ਕੀਤਾ ਹੈ, ਜੋ ਨੀਰਵ ਮੋਦੀ ਦੀ ਭੈਣ ਪੂਰਵੀ ਦੇ ਨਾਂਅ ਉੱਤੇ ਹੈ ਅਤੇ ਪੂਰਵੀ ਬੈਲਜੀਅਮ ਦੀ ਨਾਗਰਿਕ ਹੈ। ਇਸ ਦੌਰਾਨ ਜਾਂਚ ਏਜੰਸੀ ਨੇ ਇਸ ਕੇਸ ਵਿੱਚ ਨੀਰਵ ਮੋਦੀ, ਪੂਰਵੀ ਅਤੇ ਹੋਰ ਲੋਕਾਂ ਦੇ ਪੰਜ ਬੈਂਕ ਖਾਤੇ ਜ਼ਬਤ ਕੀਤੇ ਹਨ, ਜਿਨ੍ਹਾਂ ਵਿੱਚ 278 ਕਰੋੜ ਰੁਪਏ ਦੀ ਰਕਮ ਸੀ। ਇੰਟਰਪੋਲ ਨੇ ਨੀਰਵ ਮੋਦੀ, ਨੀਸ਼ਾਲ, ਪੂਰਵੀ ਅਤੇ ਉਸ ਦੇ ਕਾਰਜਕਾਰੀ ਅਧਿਕਾਰੀ ਸੁਭਾਸ਼ ਪਰਬ ਦੇ ਖਿਲਾਫ 'ਰੈਡ ਕਾਰਨਰ' ਨੋਟਿਸ (ਆਰ ਸੀ ਐਨ) ਜਾਰੀ ਕੀਤਾ ਹੋਇਆ ਹੈ। ਗਹਿਣਿਆਂ ਦੇ ਅਰਬਪਤੀ ਵਪਾਰੀ ਨੀਰਵ ਮੋਦੀ ਤੇ ਉਸ ਦੇ ਮਾਮਾ ਮੇਹੁਲ ਚੋਕਸੀ ਨੇ ਪੰਜਾਬ ਨੈਸ਼ਨਲ ਬੈਂਕ ਵਿੱਚ ਲਗਭਗ 14 ਹਜ਼ਾਰ ਕਰੋੜ ਰੁਪਏ ਦਾ ਘੋਟਾਲਾ ਕੀਤਾ ਸੀ। ਇਸ ਦਾ ਪਰਦਾ ਫਾਸ਼ ਹੋਣ ਪਹਿਲਾਂ ਇਹ ਦੋਵੇਂ ਇਸ ਸਾਲ ਜਨਵਰੀ ਵਿੱਚ ਦੇਸ਼ ਛੱਡ ਕੇ ਫਰਾਰ ਹੋ ਗਏ ਸਨ।

# ਹਰਿਆਣੇ ਵਿੱਚ ਜੱਜ ਬਣਨ ਲਈ ਇਕ ਕਰੋੜ ਦੇਣ ਦਾ ਹੋਇਆ ਸੀ ਸੌਦਾ

ਚੰਡੀਗੜ੍ਹ, 2 ਅਕਤੂਬਰ (ਪੋਸਟ ਬਿਊਰੋ)- ਹਰਿਆਣਾ ਸਿਵਲ ਸਰਵਿਸਿਜ਼ (ਜੁਡੀਸ਼ਲ) ਪ੍ਰਾਇਮਰੀ ਟੈਸਟ ਪੇਪਰ ਲੀਕ ਕੇਸ ਵਿੱਚ ਗ੍ਰਿਫਤਾਰ ਸੈਕਿੰਡ ਟਾਪਰ ਤੇਜਿੰਦਰ ਬਿਸ਼ਨੋਈ ਨੂੰ ਕੱਲ੍ਹ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਅਦਾਲਤ ਵਿੱਚ ਪੇਸ਼ ਕੀਤਾ ਤਾਂ ਅਦਾਲਤ ਨੇ ਦੋਸ਼ੀ ਨੂੰ ਦੋ ਦਿਨਾਂ ਦੇ ਰਿਮਾਂਡ 'ਤੇ ਪੁਲਸ ਨੂੰ ਸੌਂਪ ਦਿੱਤਾ ਹੈ।

ਇਸ ਕੇਸ ਦੇ ਦੋਸ਼ੀ ਨੇ ਦੱਸਿਆ ਕਿ ਉਸ ਨੇ ਸੱਤ ਲੱਖ ਰੁਪਏ ਐਡਵਾਂਸ ਦਿੱਤੇ ਸਨ ਅਤੇ ਕੰਮ ਪੂਰਾ ਹੋ ਕੇ ਜੱਜ ਬਣਨ 'ਤੇ ਇਕ ਕਰੋੜ ਹੋਰ ਦੇਣ ਦਾ ਸਮਝੌਤਾ ਕੀਤਾ ਗਿਆ ਸੀ। ਐਸ ਆਈ ਟੀ ਇਸ ਦੋਸ਼ੀ ਤੇਜਿੰਦਰ ਬਿਸ਼ਨੋਈ ਨੂੰ ਦੋ ਦਿਨ ਪਹਿਲਾਂ ਗ੍ਰਿਫਤਾਰ ਕੀਤੇ ਸੁਭਾਸ਼ ਗੋਦਾਰਾ ਅਤੇ ਸੁਸ਼ੀਲ ਭਾਦੂ ਦੇ ਨਾਲ ਜ਼ਿਲਾ ਅਦਾਲਤ ਵਿੱਚ ਪੇਸ਼ ਕਰਕੇ ਹੋਰ ਵੀ ਰਿਮਾਂਡ ਦੀ ਮੰਗ ਕਰ ਸਕਦੀ ਹੈ।



ਕੇਸ ਦੀ ਮੁੱਖ ਦੋਸ਼ੀ ਆਯੁਸ਼ੀ ਗੋਦਾਰਾ ਦੇ ਮਾਮਾ ਅਤੇ ਪਿਤਾ ਨੂੰ ਬੀਤੇ ਸ਼ੁੱਕਰਵਾਰ ਦੇਰ ਰਾਤ ਐਸ ਆਈ ਟੀ ਨੇ ਗ੍ਰਿਫਤਾਰ ਕੀਤਾ ਸੀ ਤੇ ਅਦਾਲਤ ਨੇ ਦੋਵਾਂ ਨੂੰ ਚਾਰ ਦਿਨਾਂ ਦੇ ਰਿਮਾਂਡ 'ਤੇ ਭੇਜ ਦਿੱਤਾ ਸੀ। ਉਨ੍ਹਾਂ ਦੀ ਨਿਸ਼ਾਨਦੇਹੀ ਉੱਤੇ ਸੈਕਿੰਡ ਟਾਪਰ ਦੀ ਗ੍ਰਿਫਤਾਰੀ ਕੀਤੀ ਗਈ ਸੀ। ਪਿੰਜੌਰ ਦੀ ਵਾਸੀ ਸੁਮਨ ਨੇ ਅਰਜ਼ੀ ਦਾਇਰ ਕਰ ਕੇ ਕਿਹਾ ਸੀ ਕਿ ਹਰਿਆਣਾ ਸਰਕਾਰ ਨੇ ਐਚ ਸੀ ਐਸ ਜੁਡੀਸ਼ੀਅਲ ਦੀਆਂ 109 ਅਸਾਮੀਆਂ ਲਈ ਅਰਜ਼ੀਆਂ ਮੰਗੀਆਂ ਸਨ, ਜਿਸ ਪਿੱਛੋਂ ਉਸ ਨੇ ਪੇਪਰ ਦੀ ਤਿਆਰੀ ਲਈ ਇਕ ਕੋਚਿੰਗ ਸੈਂਟਰ ਜਾਣਾ ਸ਼ੁਰੂ ਕੀਤਾ ਸੀ। ਇਸ ਦੌਰਾਨ ਉਸ ਦੀ ਦੋਸਤੀ ਸੁਸ਼ੀਲਾ ਨਾਲ ਹੋ ਗਈ, ਜਿਸ ਪਿੱਛੋਂ ਗਲਤੀ ਨਾਲ ਉਸ ਨੇ ਇਕ ਇਹੋ ਜਿਹੀ ਆਡੀਓ ਰਿਕਾਰਡਿੰਗ ਭੇਜ ਦਿੱਤੀ, ਜਿਸ ਵਿੱਚ ਉਹ ਹੋਰ ਲੜਕੀ ਨਾਲ ਡੇਢ ਕਰੋੜ 'ਚ ਨਿਯੁਕਤੀ ਕਰਾਉਣ ਦੀ ਗੱਲ ਕਰ ਰਹੀ ਸੀ। ਪੁੱਛਣ ਉਤੇ ਪੇਪਰ ਲੀਕ ਹੋਣ ਦਾ ਖੁਲਾਸਾ ਹੋਇਆ ਸੀ। ਇਸ ਪਿੱਛੋਂ ਹਾਈ ਕੋਰਟ ਦੇ ਆਦੇਸ਼ ਉਤੇ ਪੁਲਸ ਨੇ 19 ਸਤੰਬਰ ਨੂੰ ਭ੍ਰਿਸ਼ਟਾਚਾਰ ਐਕਟ ਹੇਠ ਸੈਕਟਰ ਤਿੰਨ ਦੇ ਥਾਣੇ ਵਿੱਚ ਕੇਸ ਦਰਜ ਕੀਤਾ ਸੀ। ਹਾਈ ਕੋਰਟ ਦੇ ਆਦੇਸ਼ 'ਤੇ ਇਹ ਕੇਸ ਸਪੈਸ਼ਲ ਜਾਂਚ ਟੀਮ (ਐਸ ਆਈ ਟੀ) ਨੂੰ ਸੌਂਪ ਦਿੱਤਾ ਗਿਆ ਸੀ, ਜਿਸ ਵਿੱਚ ਐਸ ਪੀ ਰਵੀ ਕੁਮਾਰ ਸਿੰਘ, ਡੀ ਐਸ ਪੀ ਕ੍ਰਿਸ਼ਨ ਕੁਮਾਰ ਅਤੇ ਇੰਸਪੈਕਟਰ ਪੂਨਮ ਦਿਲਾਵਰੀ ਨੂੰ ਸ਼ਾਮਲ ਕੀਤਾ ਗਿਆ ਸੀ।

# ਆਯੁਸ਼ਮਾਨ ਯੋਜਨਾ ਵਿੱਚ ਕਰੋੜਾਂ ਦੀਆਂ ਕੋਠੀਆਂ ਵਾਲਿਆਂ ਦੇ ਨਾਂ ਵੀ ਸ਼ਾਮਲ

ਨਵੀਂ ਦਿੱਲੀ, 2 ਅਕਤੂਬਰ (ਪੋਸਟ ਬਿਊਰੋ)- ਗਰੀਬੀ ਰੇਖਾ ਦੇ ਹੇਠਾਂ ਵਾਲੇ ਲੋਕਾਂ ਦੀ ਆਯੁਸ਼ਮਾਨ ਸਿਹਤ ਸੁਰੱਖਿਆ ਯੋਜਨਾ 'ਚ ਰਾਜ ਦੇ ਅਮੀਰਾਂ ਦੀ ਲੰਬੀ ਲਿਸਟ ਵੀ ਸ਼ਾਮਲ ਹੈ। ਇਸ ਵਿੱਚ ਡਾਇਰੈਕਟਰ ਜਨਤਲ ਹੈਲਥ, ਸਰਕਾਰੀ ਡਾਕਟਰ, ਪ੍ਰੋਫੈਸਰ, ਵਕੀਲ ਅਤੇ ਕਰੋੜਾਂ ਦੀਆਂ ਕੋਠੀਆਂ ਵਾਲਿਆਂ ਦਾ ਨਾਂ ਹੈ। ਇਹ ਹੈਰਾਨੀ ਵਾਲਾ ਖੁਲਾਸਾ ਖੁਦ ਸਿਹਤ ਵਿਭਾਗ ਦੇ ਸਰਵੇ 'ਚ ਹੋਇਆ ਹੈ ਪਰ ਵਿਭਾਗ ਇਸ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਵਿੱਚ ਹੈ।

ਇਸ ਸੰਬੰਧ ਵਿੱਚ ਤੱਥਾਂ ਦੀ ਪੜਤਾਲ ਕੀਤੀ ਤਾਂ ਹਕੀਕਤ ਖੁੱਲ੍ਹ ਗਈ। ਅਸਲ 'ਚ ਕਾਹਲੀ ਨਾਲ 5 ਲੱਖ ਤਕ ਕੈਸ਼ ਲੈੱਸ ਬੀਮਾ ਯੋਜਨਾ ਲਾਂਚ ਕਰਨ ਲਈ ਸਰਕਾਰ ਨੇ ਸਾਮਾਜਿਕ, ਆਰਥਿਕ ਅਤੇ ਜਾਤੀ ਗਣਨਾ 2011 ਦੇ ਡੇਟਾ ਨਾਲ ਲਾਭ ਪਾਤਰੀਆਂ ਦੀ ਸੂਚੀ ਬਣਾ ਲਈ ਹੈ। ਸਾਲ 2011 ਦੇ ਅੰਕੜਿਆਂ 'ਚ ਇਹ ਪਹਿਲਾਂ ਹੀ ਵਿਵਾਦਾਂ ਵਿੱਚ ਸੀ। ਇਸ ਲਈ ਉਹੀ ਗੜਬੜੀ ਆਯੁਸ਼ਮਾਨ ਯੋਜਨਾ ਦੀ ਸੂਚੀ ਵਿੱਚ ਆ ਗਈ। ਖੁਸ਼ਹਾਲ ਸਰਕਾਰੀ ਅਫਸਰਾਂ ਅਤੇ ਕਰਮਚਾਰੀਆਂ ਦਾ ਨਾਂ ਵੀ ਆਯੁਸ਼ਮਾਨ ਸੂਚੀ ਵਿੱਚ ਦਰਜ ਹੈ। ਹਿਸਾਰ 'ਚ ਕਰੀਬ 1 ਲੱਖ ਲਾਭ ਪਾਤਰੀਆਂ ਨੂੰ ਯੋਜਨਾ ਦਾ ਲਾਭ ਦਿੱਤਾ ਜਾ ਰਿਹਾ ਹੈ। ਆਯੁਸ਼ਮਾਨ ਭਾਰਤ ਸਿਹਤ ਸੁਰੱਖਿਆ ਯੋਜਨਾ 23 ਸਤੰਬਰ ਨੂੰ ਲਾਂਚ ਹੋਈ ਸੀ।

ਹਿਸਾਰ ਦੇ ਕਈ ਵਾਰਡਾਂ 'ਚ ਸਰਵੇ ਕਰ ਚੁਕੀ ਏ ਐਨ ਐਮ ਨਾਲ ਗੱਲ ਕੀਤੀ ਤਾਂ ਉਸ ਨੇ ਕਿਹਾ ਕਿ ਲਾਜਪਤ ਨਗਰ, ਗ੍ਰੀਨ ਪਾਰਕ, ਸੈਕਟਰ 13 ਏਰੀਆ, ਸੈਕਟਰ 15, ਰਾਮਪੁਰਾ ਮੁਹ-ੱਲਾ ਤੇ ਹੋਰ ਕਾਲੋਨੀਆਂ ਵਿਚਲੇ 60 ਫੀਸਦੀ ਪਰਿਵਾਰ ਇਸ ਯੋਜਨਾ ਦਾ ਹਿੱਸਾ ਹਨ। ਲਾਜਪਤ ਨਗਰ ਗ੍ਰੀਨ ਪਾਰਕ ਏਰੀਆ ਵਿੱਚ ਸਰਵੇ ਕਰਨ ਗਈ ਐਨ ਐਨ ਐਮ ਨੂੰ ਲਿਸਟ 'ਚ ਹੈਲਥ ਵਿਭਾਗ ਦੇ ਡਾਇਰੈਕਟਰ ਜਨਰਲ ਦਾ ਨਾਂ ਵੀ ਮਿਲਿਆ ਸੀ। ਕਰੋੜਾਂ ਕੋਠੀਆਂ ਵਿੱਚ ਰਹਿਣ ਵਾਲੇ ਲੋਕ ਵੀ ਸ਼ਾਮਲ ਸੀ। ਕਈ ਵਿਦੇਸ਼ਾਂ 'ਚ ਰਹਿੰਦੇ ਸੀ ਤੇ ਕੁਝ ਪਰਿਵਾਰ ਅਜਿਹੇ ਮਿਲੇ ਜਿਨ੍ਹਾਂ ਨੇ ਸਵੈ ਯੋਜਨਾ ਦਾ ਲਾਭ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਸਾਬਕਾ ਕੌਂਸਲਰ ਵਿਨੋਦ ਢਾਂਡਾ ਨੇ ਦੱਸਿਆ ਕਿ ਆਯੁਸ਼ਮਾਨ ਲਾਭ ਪਾਤਰੀਆਂ ਦੀ ਸੂਚੀ 'ਚ ਹੈਲਥ ਡਾਇਰੈਕਟਰ ਜਨਰਲ ਦਾ ਨਾਂ ਹੈ। ਉਨ੍ਹਾਂ ਦਾ ਘਰ ਲਾਜਪਤ ਨਗਰ ਏਰੀਏ ਵਿੱਚ ਹੈ।

# ਭਾਰਤ ਨੂੰ ਨਿਸ਼ਾਨਾ ਬਣਾਉਣ ਲਈ ਪਾਕਿ ਨੇ ਫਿਰ ਫਰਜ਼ੀ ਤਸਵੀਰਾਂ ਦੀ ਵਰਤੋਂ ਕੀਤੀ

ਨਵੀਂ ਦਿੱਲੀ, 2 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਨੇ ਇੱਕ ਵਾਰ ਫਿਰ ਫਰਜ਼ੀ ਤਸਵੀਰਾਂ ਨਾਲ ਭਾਰਤ ਉੱਤੇ ਨਿਸ਼ਾਨਾ ਸਾਧਣ ਦੀ ਕੋਸ਼ਿਸ਼ ਕੀਤੀ ਹੈ। ਉਸ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਬੀਤੇ ਦਿਨੀਂ ਯੂ ਐਨ ਵਿੱਚ ਇਹ ਦਾਅਵਾ ਕੀਤਾ ਕਿ ਉਨ੍ਹਾਂ ਦੇ ਦੇਸ਼ ਦੇ ਡਾਕ ਵਿਭਾਗ ਨੇ ਕੁਝ ਮਹੀਨੇ ਪਹਿਲਾਂ ਜੋ ਡਾਕ ਟਿਕਟ ਜਾਰੀ ਕੀਤੇ ਸਨ, ਉਹ ਕਸ਼ਮੀਰ ਵਿੱਚ ਮਨੁੱਖੀ ਅਧਿਕਾਰਾਂ ਦਾ ਘਾਣ ਪੇਸ਼ ਕਰਦੇ ਹਨ। ਇਨ੍ਹਾਂ ਨੂੰ ਪਾਕਿਸਤਾਨ ਨੇ 'ਭਾਰਤ ਵਾਲੇ ਕਸ਼ਮੀਰ ਵਿੱਚ ਅੱਤਿਆਚਾਰ' ਦਾ ਸਿਰਲੇਖ ਦਿੱਤਾ ਸੀ। ਪਾਕਿਸਤਾਨ ਵਿਦੇਸ਼ ਦਫਤਰ ਨੇ ਪ੍ਰੈਸ ਰਿਲੀਜ਼ ਵਿੱਚ ਕਿਹਾ ਕਿ ਭਾਰਤ ਨੇ ਯੂ ਐਨ ਵਿੱਚ ਭਾਰਤ ਦੇ ਨਾਲ ਗੱਲਬਾਤ ਨੂੰ ਇਨ੍ਹਾਂ ਡਾਕ ਟਿਕਟਾਂ ਦਾ ਹਵਾਲਾ ਦੇ ਕੇ ਰੱਦ ਕਰ ਦਿੱਤਾ ਹੈ। ਜਾਣਕਾਰ ਸੂਤਰਾਂ ਅਨੁਸਾਰ ਪਾਕਿ-ਸਤਾਨ ਵੱਲੋਂ ਵਰਤੀਆਂ ਗਈਆਂ ਇਨ੍ਹਾਂ 20 ਤਸਵੀਰਾਂ ਦੀ ਜਾਂਚ ਵਿੱਚ ਪਾਇਆ ਗਿਆ ਕਿ ਘੱਟੋ ਘੱਟ ਦੋ ਤਸਵੀਰਾਂ ਵਿੱਚ ਝੂਠ ਬੋਲ ਕੇ ਪਾਕਿ-ਸਤਾਨ ਨੇ ਦੁਨੀਆ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਜਪਾ ਦੇ ਦਿੱਲੀ ਯੂਨਿਟ ਦੇ ਬੁਲਾਰੇ ਤੇਜਿੰ-ਦਰ ਪਾਲ ਸਿੰਘ ਬੱਗਾ ਨੇ ਪਾਕਿਸਤਾਨ ਵੱਲੋਂ ਯੂ ਐਨ ਜਨਰਲ ਅਸੈਂਬਲੀ ਵਿੱਚ ਦਿਖਾਈ ਗਈ ਕਿ ਤਸਵੀਰ ਨੂੰ ਟਵੀਟ ਕੀਤਾ ਕਿ ਇਹ ਤਸਵੀਰ ਦਿੱਲੀ ਦੇ ਉਜਾੜੇ ਦਾ ਸ਼ਿਕਾਰ ਹੋਏ ਕਸ਼ਮੀਰੀ ਪੰਡਿਤਾਂ ਵੱਲੋਂ ਜੰਤਰ ਮੰਤਰ ਵਿਖੇ 19 ਜਨਵਰੀ ਨੂੰ ਦਿੱਤੇ ਗਏ ਧਰਨੇ ਦੀ ਸੀ। ਕਸ਼ਮੀਰੀ ਪੰਡਿਤਾਂ ਨੇ ਇਹ ਧਰਨਾ ਕਸ਼ਮੀਰ ਵਿੱਚ ਆਪਣੇ ਘਰ ਛੱਡ ਕੇ ਵੱਡੀ ਗਿਣਤੀ ਵਿੱਚ ਜਾਣ ਲਈ ਮਜ਼ਬੂਰ ਕੀਤੇ ਜਾਣ ਦੀ ਬਰਸੀ 'ਤੇ ਦਿੱਤਾ ਸੀ।

# ਪਾਰਲੀਮੈਂਟ ਮੈਂਬਰਾਂ ਦੇ ਤਨਖਾਹ-ਭੱਤਿਆਂ ਦਾ 4 ਸਾਲ ਦਾ 1997 ਕਰੋੜ ਰੁਪਏ ਖਰਚ

ਨਵੀਂ ਦਿੱਲੀ, 2 ਅਕਤੂਬਰ (ਪੋਸਟ ਬਿਊਰੋ)- ਸੂਚਨਾ ਦੇ ਅਧਿਕਾਰ ਤੋਂ ਪਤਾ ਲੱਗਾ ਹੈ ਕਿ ਪਿਛਲੇ 4 ਵਿੱਤੀ ਸਾਲਾਂ ਵਿੱਚ ਲੋਕ ਸਭਾ ਅਤੇ ਰਾਜ ਸਭਾ ਦੇ ਪਾਰਲੀਮੈਂਟ ਮੈਂਬਰਾਂ ਦੇ ਵੇਤਨ-ਭੱਤਿਆਂ ਉੱਤੇ ਸਰਕਾਰੀ ਖਜਾਨੇ ਤੋਂ ਕੁੱਲ 1997 ਕਰੋੜ ਰੁਪਏ ਦੀ ਰਕਮ ਖਰਚ ਹੋਈ ਹੈ। ਇਸ ਭੁਗਤਾਨ ਦਾ ਹਿਸਾਬ ਲਾਉਣ ਨਾਲ ਪਤਾ ਚਲਦਾ ਹੈ ਕਿ ਇਸ ਸਮੇਂ ਵਿੱਚ ਹਰ ਲੋਕ ਸਭਾ ਮੈਂਬਰ ਨੇ ਹਰ ਸਾਲ ਔਸਤਨ 71.29 ਲੱਖ ਰੁਪਏ ਦੇ ਤਨਖਾਹ-ਭੱਤੇ ਹਾਸਲ ਕੀਤੇ ਹਨ, ਜਦ ਕਿ ਰਾਜ ਸਭਾ ਦੇ ਹਰ ਮੈਂਬਰ ਨੂੰ ਇਸ ਦੌਰਾਨ ਹਰ ਸਾਲ ਔਸਤਨ 44.33 ਲੱਖ ਰੁਪਏ ਦੀ ਅਦਾਇਗੀ ਕੀਤੀ ਗਈ ਸੀ।



ਮੱਧ ਪ੍ਰਦੇਸ਼ ਦੇ ਨੀਮਚ ਦੇ ਵਾਸੀ ਆਰ ਟੀ ਆਈ ਵਰਕਰ ਚੰਦਰ ਸ਼ੇਖਰ ਗੌੜ ਨੇ ਦੱਸਿਆ ਕਿ ਲੰਬੀ ਕੋਸ਼ਿਸ਼ ਤੋਂ ਬਾਅਦ ਉਨ੍ਹਾਂ ਨੂੰ ਸੂਚਨਾ ਦੇ ਅਧਿਕਾਰ ਹੇਠ ਵੱਖ-ਵੱਖ ਅਰਜੀਆਂ 'ਤੇ ਇਹ ਖਾਸ ਜਾਣਕਾਰੀ ਮਿਲੀ ਹੈ। ਆਰ ਟੀ ਆਈ ਅਰਜ਼ੀ ਉੱਤੇ ਲੋਕ ਸਭਾ ਸਕੱਤਰੇਤ ਵੱਲੋਂ ਗੌੜ ਨੂੰ ਦਿੱਤੇ ਅੰਕੜਿਆਂ ਮੁਤਾਬਕ ਸਾਲ 2014-15 ਤੋਂ ਸਾਲ 2017-18 ਤੱਕ ਪਾਰਲੀਮੈਂਟ ਦੇ ਹੇਠਲੇ ਸਦਨ ਦੇ ਮੈਂਬਰਾਂ ਦੇ ਤਨਖਾਹ ਅਤੇ ਭੱਤਿਆਂ ਦੀ ਅਦਾਇਗੀ ਲਈ 15,54,20,71,416, ਰੁਪਏ ਖਰਚ ਕੀਤੇ ਗਏ। ਲੋਕ ਸਭਾ ਦੀਆਂ 545 ਸੀਟਾਂ ਵਿੱਚੋਂ 543 ਚੁਣੇ ਹੋਏ ਮੈਂਬਰ ਅਤੇ ਦੋ ਐਂਗਲੋ-ਇੰਡੀਅਨ ਫਿਰਕੇ ਦੇ 2 ਨਾਮਜ਼ਦ ਮੈਂਬਰ ਹੁੰਦੇ ਹਨ) ਦੀ ਗਿਣਤੀ ਮੁਤਾਬਕ ਪਤਾ ਚਲਦਾ ਹੈ ਕਿ ਇਸ ਸਮੇਂ ਦੌਰਾਨ ਹਰ ਸਾਲ ਲੋਕ ਸਭਾ ਮੈਂਬਰ ਨੂੰ ਤਨਖਾਹ-ਭੱਤਿਆਂ ਦੇ ਰੂਪ 'ਚ ਔਸਤਨ 71,29,390 ਰੁਪਏ ਭੁਗਤਾਨ ਕੀਤਾ ਗਿਆ। ਰਾਜ ਸਭਾ ਸਕੱਤਰੇਤ ਨੇ ਗੌੜ ਨੂੰ ਉਨ੍ਹਾਂ ਦੀ ਅਰਜੀ ਉਤੇ ਦੱਸਿਆ ਕਿ ਸਾਲ 2014-15 ਤੋਂ ਸਾਲ 2017-18 ਤੱਕ ਇਸ ਸਦਨ ਦੇ ਮੈਂਬਰਾਂ ਨੂੰ ਤਨਖਾਹ ਅਤੇ ਭੱਤਿਆਂ ਦੇ ਰੂਪ ਵਿੱਚ ਕੁੱਲ 4,43,36,82,937 ਰੁਪਏ ਭੁਗਤਾਨ ਕੀਤਾ ਗਿਆ। ਰਾਜ ਸਭਾ ਦੀ 250 ਦੀ ਮੈਂਬਰ ਗਿਣਤੀ ਦਾ ਹਿਸਾਬ ਲਾਉਣ 'ਤੇ ਪਤਾ ਲੱਗਾ ਕਿ ਇਸ ਸਮੇਂ ਦੌਰਾਨ ਹਰ ਮੈਂਬਰ ਦੇ ਤਨਖਾਹ-ਭੱਤਿਆਂ 'ਤੇ ਹਰ ਸਾਲ ਔਸਤਨ 44,33,682 ਰੁਪਏ ਖਰਚ ਕੀਤੇ ਗਏ।

ਸਿਆਸੀ ਅਤੇ ਚੋਣਾਂ 'ਚ ਸੁਧਾਰਾਂ ਦਾ ਕੰਮ ਕਰਨ ਵਾਲੇ ਗੈਰ-ਸਰਕਾਰੀ ਸੰਗਠਨ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਸ ਦੇ ਮੋਢੀ ਮੈਂਬਰ ਜਗਦੀਪ ਛੋਕਰ ਨੇ ਮੰਗ ਕੀਤੀ ਕਿ ਜਿਸ ਤਰ੍ਹਾਂ ਕਾਰਪੋਰੇਟ ਖੇਤਰ ਵਿੱਚ ਕਰਮਚਾਰੀਆਂ ਦੇ ਤਨਖਾਹ-ਭੱਤਿਆਂ ਬਾਰੇ ਕਾਸਟ ਟੂ ਕੰਪਨੀ ਤੈਅ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਪਾਰਲੀਮੈਂਟ ਮੈਂਬਰਾਂ ਦੇ ਤਨਖਾਹ-ਭੱਤਿਆਂ ਬਾਰੇ ਵੀ ਪਾਰਦਰਸ਼ੀ ਤਰੀਕਿਆਂ ਨਾਲ ਕਾਸਟ ਟੂ ਕੰਟ੍ਰੀ ਤੈਅ ਹੋਣੀ ਚਾਹੀਦੀ ਹੈ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

DUCT CLEANING
A breath of Clean air
Residential & Commercial
Air duct cleaning
and dryer vent cleaning
Free Sanitizer
BEFORE AFTER
66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ
ਤਸਲੀ ਬਖਸ਼ ਕੰਮ ਦੀ ਗਾਰੰਟੀ
For Professional Duct Cleaning Services
Call Air Frais Duct Cleaning at:
905-867-9000

Avro Transport Inc.
Owner Operator/Single Drives
& Team Drivers ਦੀ ਲੋੜ ਹੈ
Toronto to Montreal, Midwest & USA
Brand New Truck's Available
For Owner Operator:- $1.55
*Plates + Insurance + Tolls will be paid by Company
For Drivers:- $0.58 + $0.02
*Safety Bonus
For Team Drivers:- $0.70
ਜਿਆਦਾ ਜਾਣਕਾਰੀ ਲਈ
ਸੰਪਰਕ ਕਰੋ:-
Ph: 416-896-1313

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

◆ Insurance ◆
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

Honesty, Reliability, Commitment
For all your Real Estate needs:
HIRA RANDHWA
Broker
416.319.0551
905.913.8585
- 1 yr Home Warranty
- 40% Discount on Brand Name Appliances & Furniture
- Free Evaluation & Lowest Commission
OPEN HOUSE UNTIL SOLD
HOMELIFE SILVERCITY Realty Inc. Brokerage Independently Owned & Operated
www.HiraRandhawa.com hirarandhawa@yahoo.ca
$579,000 Ray Lawson & Timberlane
3 Bedroom Townhouse With Finished Basement, Sep Entrance Through Garage. Hardwood Floor, Freshly Painted, Concrete Patio, Concrete Side Pavement, New Roof, Walking Distance To Sheridan College.
$609,000 Derry & Airport
Fully Detached 5+3 Bedroom And 4 Bath Home With A Lot Of Upgrades Included 6 Car Wrapped Concrete And Driveway With Full Fenced Backyard. Close To Airport, Mosque, Gurduwara, Banks, Schools & Major Hwys.
$659,000 Mc Murchy & Steeles Ave
